# ਚਾਨਣ ਮੁਨਾਰਾ, ਮਹਾਵੀਰ

ਤੀਰਥੰਕਰ ਮਹਾਵੀਰ ਸੰਸਾਰ ਵਿੱਚ ਪੂਜਣਯੋਗ ਮਹਾਪੁਰਸ਼ ਹਨ। ਉਨ੍ਹਾਂ ਦਾ ਜਨਮ ਰਾਜ ਪਰਿਵਾਰ ਵਿੱਚ ਹੋਇਆ। ਸੰਸਾਰ ਵਿੱਚ ਅੱਖ ਖੋਲਦੇ ਹੀ ਉਨ੍ਹਾਂ ਦੇ ਚਹੁੰ ਪਾਸੇ ਵਿਸ਼ਾਲ ਸੰਪੱਤੀ ਅਤੇ ਧਨ ਸੀ। ਰਾਜ ਪਰਿਵਾਰ ਵਿੱਚ ਪਲ ਕੇ ਉਹ ਵੱਡੇ ਹੋਏ। ਨੋਜਵਾਨ ਹੋਣ ਤੇ ਰਾਜਮੁਕਟ ਉਨ੍ਹਾਂ ਦੀ ਰਾਹ ਤੱਕ ਰਿਹਾ ਸੀ। ਉਨ੍ਹਾਂ ਦੇ ਸ਼ਰੀਰਕ ਲੱਛਣਾਂ ਨੂੰ ਪੜ੍ਹ ਕੇ, ਜੋਤਸ਼ਿਆਂ ਨੇ ਭਵਿੱਖਵਾਣੀ ਕੀਤੀ ਕਿ ਇਹ ਰਾਜਕੁਮਾਰ ਚੱਕਰਵਰਤੀ ਸਮਰਾਟ ਹੋਏਗਾ। ਸੰਸਾਰਿਕ ਦ੍ਰਿਸ਼ਟੀ ਤੋਂ ਸੁਖੀ ਵਰਤਮਾਨ ਅਤੇ ਸੁਨਿਹਰਾ ਭਵਿੱਖ ਮਹਾਵੀਰ ਦੇ ਸਾਹਮਣੇ ਸੀ। ਪਰ ਮਹਾਵੀਰ ਨੇ ਜੀਵਨ ਦੀ ਮਹਾਨਤਾ ਨੂੰ ਸੰਸਾਰ ਦੀ ਅੱਖ ਨਾਲ ਨਹੀਂ ਵੇਖਿਆ। ਉਨ੍ਹਾਂ ਅਪਣੀ ਆਤਮ ਦ੍ਰਿਸ਼ਟੀ ਤੋਂ ਜੀਵਨ ਦੀ ਪਰਮ ਮਹਾਨਤਾ ਦਾ ਅਧਿਐਨ ਅਤੇ ਚਿੰਤਨ ਕੀਤਾ। ਸਿਟੇ ਵਜੋਂ ਉਹਨਾਂ ਪਾਇਆ ਕਿ ਜੀਵਨ ਦਾ ਸਾਰ ਉੱਤਮ ਭੋਗਾਂ ਵਿੱਚ ਨਹੀਂ, ਸਗੋਂ ਜੀਵਨ ਦਾ ਉਦੇਸ਼ ਯੋਗ ਰਾਹੀਂ ਪ੍ਰਾਪਤ ਕੀਤਾ ਜਾ ਸਕਦਾ ਹੈ। ਯੋਗ ਹੀ ਉਹ ਵਿਧੀ ਹੈ, ਜੋ ਆਤਮਾ ‘ਤੇ ਅੰਨਤਕਾਲ ਤੋਂ ਛਿੱਪੇ ਪਰਮਾਤਮਾ ਨੂੰ ਜਾਹਿਰ ਕਰ ਦਿੰਦੀ ਹੈ। ਯੋਗ ਹੀ ਉਹ ਰਾਜ ਮਾਰਗ ਹੈ ਜਿਸ ਤੇ ਯਾਤਰਾ ਕਰਕੇ ਜੀਵਨ ਯਾਤਰਾ ਤੀਰਥ ਯਾਤਰਾ ਦਾ ਪਰਮ ਅਤੇ ਅਰਥ ਭਰਪੂਰ ਅਰਥ ਵਿੱਚ ਬਦਲ ਸਕਦੀ ਹੈ।

ਆਤਮ ਨੇਤਰ ਰਾਹੀਂ ਯੋਗ ਦੀ ਮਹਾਨਤਾ ਦੇ ਦਰਸ਼ਨ ਵੇਖ ਕੇ ਮਹਾਵੀਰ ਨੇ ਭੋਗ ਦੇ ਸਾਰੇ ਸਾਧਨ ਅਤੇ ਰਾਜ ਮੁੱਕਟ ਦੇ ਮੋਹ ਨੂੰ ਛੱਡ ਕੇ, ਯੋਗ ਦੇ ਮਾਰਗ ਵਲ ਅਪਣੇ ਕਦਮ ਵਧਾਏ ਅਤੇ ਸਿਟੇ ਵਜੋਂ ਯੋਗ ਰਾਹੀਂ ਆਤਮ ਰੂਪੀ ਅਮ੍ਰਿਤ ਨੂੰ ਪ੍ਰਾਪਤ ਕਰਕੇ ਉਹ ਅੰਮ੍ਰਿਤ ਪੁਰਸ਼ ਬਣ ਗਏ। ਉਸ ਅੰਮ੍ਰਿਤ ਪੁਰਸ਼ ਦੀ ਅੰਮ੍ਰਿਤ ਯਾਤਰਾ ਦੇ ਪ੍ਰਮੁੱਖ ਅਤੇ ਪ੍ਰਸਿੱਧ ਪੰਨਿਆਂ ਦਾ ਅਧਿਐਨ ਕਰਕੇ ਆਓ ਅਸੀਂ ਸਾਰੇ ਪਰਮ ਰਸ ਦਾ ਸੁਆਦ ਚੱਖੀਏ।

## ਜਨਮ:

2607 ਸਾਲ ਪਹਿਲਾਂ ਦੀ ਗੱਲ ਹੈ ਬਿਹਾਰ ਪ੍ਰਾਂਤ ਦੇ ਖੱਤਰੀ ਕੁੰਡਗਰਾਮ ਵਿੱਚ ਰਾਜਾ ਸਿਧਾਰਥ ਰਾਜ ਕਰਦੇ ਸਨ। ਉਹਨਾਂ ਦੀ ਰਾਣੀ ਦਾ ਨਾਂ ਤ੍ਰਿਸ਼ਲਾ ਸੀ। ਸਿਧਾਰਥ ਤੇ ਤ੍ਰਿਸ਼ਲਾ 23ਵੇਂ ਤੀਰਥੰਕਰ ਭਗਵਾਨ ਪਾਰਸ਼ਵਨਾਥ ਦੀ ਪ੍ਰੰਪਰਾ ਦੇ ਸ਼੍ਰਮਣੋ ਉਪਾਸ਼ਕ (ਮੰਨਣ ਵਾਲੇ) ਸਨ। ਨਿਰਗਰੰਥ (ਜੈਨ) ਧਰਮ ਪ੍ਰਤੀ ਉਨ੍ਹਾਂ ਦਾ ਗਹਿਰਾ ਵਿਸਵਾਸ਼ ਸੀ। ਉਹ ਗਿਆਤ ਕੁਲ ਨਾਲ ਸੰਬੰਧ ਰੱਖਦੇ ਸਨ।

ਅਧਿਆਤਮਿਕ ਅਤੇ ਭੌਤਿਕ ਪੱਖਾਂ ਤੋਂ ਸਮਰਿਧੀ ਵਾਲਾ ਜੀਵਨ ਗੁਜਾਰਦੇ ਹੋਏ ਇਕ ਰਾਤ ਦੇ ਅੰਤਿਮ ਪਹਿਰ ਵਿੱਚ ਮਹਾਰਾਣੀ ਤ੍ਰਿਸ਼ਲਾ ਨੇ ਇੱਕ ਸੁਪਨਿਆਂ ਦੀ ਲੰਬੀ ਕੜੀ ਵੇਖੀ। ਉਹਨਾਂ ਨੇ 14 ਸੁਪਨੇ ਵੇਖੇ। ਉਹ ਸੁਪਨੇ ਇਸ ਪ੍ਰਕਾਰ ਸਨ।

1. ਹਾਥੀ 2. ਬਲਦ 3. ਸ਼ੇਰ 4. ਲਕਸ਼ਮੀ ਦੇਵੀ 5. ਫੁਲਾਂ ਦੀ ਮਾਲਾ 6. ਚੰਦਰਮਾ 7. ਸੂਰਜ 8. ਘੜਾ 9. ਝੰਡਾ 10. ਖੀਰ ਸਮੁੰਦਰ 11. ਕਮਲ ਸਰੋਵਰ 12. ਦੇਵ ਵਿਮਾਨ 13. ਰਤਨਾਂ ਦਾ ਢੇਰ 14. ਧੂੰਏਂ ਰਹਿਤ ਅੱਗ।

ਇਹਨਾਂ ਅੱਦਭੁਤ ਸੁੱਪਨਿਆਂ ਨੂੰ ਵੇਖ ਕੇ ਰਾਣੀ ਜਾਗ ਪਈ। ਉਸ ਨੇ ਅਪਣੇ ਪਤੀ ਮਹਾਰਾਜਾ ਸਿਧਾਰਥ ਨਾਲ ਇਹਨਾਂ ਸੁੱਪਨਿਆਂ ਬਾਰੇ ਗਲ ਕੀਤੀ। ਇਹਨਾ ਸੁੱਪਨਿਆਂ ਨੂੰ ਸੁਣ ਕੇ ਮਹਾਰਾਜ ਸਿਧਾਰਥ ਵੀ ਸੁਖ ਅੱਨੁਭਵ ਕਰਨ ਲੱਗੇ। ਸਵੇਰ ਹੁੰਦੇ ਹੀ ਮਹਾਰਾਜਾ ਸਿਧਾਰਥ ਨੇ ਸੁੱਪਨਿਆਂ ਦਾ ਫਲ ਦੱਸਣ ਵਾਲੇ ਜੋਤਿਸ਼ੀਆਂ ਨੂੰ ਬੁਲਾਕੇ ਰਾਣੀ ਤ੍ਰਿਸ਼ਲਾ ਰਾਹੀਂ ਵੇਖੇ ਗਏ ਸੁੱਪਨਿਆਂ ਦਾ ਫਲ ਪੁੱਛਿਆ। ਸੁਪਨੇ ਦਾ ਫਲ ਦੱਸਣ ਵਾਲੇ ਸਾਸ਼ਤਰੀਆਂ ਨੇ ਅਧਿਐਨ ਕਰਕੇ ਘੋਸ਼ਨਾ ਕੀਤੀ, "ਮਹਾਰਾਜ! ਮਹਾਰਾਣੀ ਇਕ ਮਹਾਨ ਪੁੱਤਰ ਨੂੰ ਜਨਮ ਦੇਵੇਗੀ, ਸੁਪਨੇ ਸੂਚਨਾ ਦੇ ਰਹੇ ਹਨ ਕਿ ਇਹ ਪੁੱਤਰ ਜਾਂ ਤਾਂ ਛੇ ਖੰਡ ਤੇ ਰਾਜ ਕਰਨ ਵਾਲਾ ਚੱਕਰਵਰਤੀ ਸਮਰਾਟ ਬਣੇਗਾ, ਜਾਂ ਫਿਰ ਧਰਮ ਚੱਕਰਵਰਤੀ ਹੋਵੇਗਾ"। ਸੁਪਨ ਸ਼ਾਸਤਰੀਆਂ ਦੇ ਮੁੱਖੋਂ ਸੁੱਪਨਿਆਂ ਦਾ ਫਲ ਸੁਣ ਕੇ ਮਹਾਰਾਜਾ ਸਿਧਾਰਥ ਦੀ ਖੁਸੀ ਦੀ ਹੱਦ ਨਾ ਰਹੀ। ਉਨ੍ਹਾਂ ਸੁਪਨ ਸ਼ਾਸਤਰੀਆਂ ਦੀ ਝੋਲੀ ਧਨ ਨਾਲ ਭਰਕੇ ਵਿਦਾ ਕੀਤਾ।

ਗਰਭ ਦਾ ਸਮਾ ਪੂਰਾ ਹੋਣ ਤੇ ਮਹਾਰਾਣੀ ਤ੍ਰਿਸ਼ਲਾ ਨੇ ਚੇਤ ਸ਼ੁਕਲ ਦੀ ਮਿਤੀ 13 ਦੀ ਅੱਧੀ ਰਾਤ ਨੂੰ ਇੱਕ ਸੁੰਦਰ ਬਾਲਕ ਨੂੰ ਜਨਮ ਦਿਤਾ। ਇਹ ਵਿਕਰਮ ਸਮਤ 542 ਤੋਂ ਪਹਿਲਾਂ ਅਤੇ ਈਸਾ ਪੂਰਵ 599 ਦੀ ਘਟਨਾ ਹੈ। ਖੱਤਰੀ ਕੁੰਡਗ੍ਰਾਮ ਸਮੇਤ ਸਾਰੇ ਰਾਜ ਵਿੱਚ ਖੁਸੀ ਦੀ ਲਹਿਰ ਦੋੜ ਗਈ। ਪੁੱਤਰ ਦੇ ਜਨਮ ਦੀ ਖੁਸ਼ੀ ਵਿੱਚ ਰਾਜਾ ਸਿਧਾਰਥ ਨੇ ਖੁਲ੍ਹੇ ਹੱਥ ਨਾਲ ਦਾਨ ਦਿਤਾ। ਉਨ੍ਹਾਂ ਕੈਦੀਆਂ ਨੂੰ ਕੈਦ ਤੋਂ ਮੁਕਤ ਕਰ ਦਿਤਾ। ਮੁਕਤੀ ਦੇ ਮਸੀਹੇ ਦੇ ਅੱਖ ਖ੍ਹੋਲਦੇ ਹੀ ਅਨੇਕਾਂ ਜੀਵਾਂ ਨੇ ਸੁਤੰਤਰਤਾ ਦਾ ਸੁਆਦ ਚੱਖਿਆ।

ਨਾਮ ਰੱਖਣ ਦੀ ਰਸਮ ਦਾ ਸਮਾਂ ਆਇਆ, ਤਾਂ ਮਾਤਾ ਪਿਤਾ ਨੇ ਸੋਚਿਆ ਬੱਚੇ ਦੇ ਗਰਭ ਵਿੱਚ ਆਉਣ ਤੇ ਹੀ ਖੱਤਰੀ ਕੁੰਡਗ੍ਰਾਮ ਵਿੱਚ ਧਨ ਅਨਾਜ ਦਾ ਬੇਅੰਤ ਵਾਧਾ ਹੋਇਆ। ਸਿੱਟੇ ਵਜੋਂ ਬਾਲਕ ਨੂੰ **ਵਰਧਮਾਨ** ਜੋ ਕਿ ਉਸ ਦੇ ਗੁਣ ਅਨੁਸਾਰ ਸੀ, ਨਾਮ ਦਿਤਾ ਗਿਆ। ਸਮਾਂ ਪੰਖ ਲਗਾ

ਕੇ ਅਜਿਹਾ ਉਡਿਆ ਪਤਾ ਹੀ ਨਹੀਂ ਚੱਲਾ ਕਿ ਕਦੋਂ ਬਾਲਕ ਨੇ ਬੋਲਨਾ, ਚੱਲਣਾ ਸਿੱਖਿਆਂ ਕੋਈ ਸਮਝ ਹੀ ਨਹੀਂ ਸਕਿਆ।

## ਪਰਿਵਾਰ ਬਾਰੇ ਜਾਣਕਾਰੀ:

ਵਰਧਮਾਨ ਦੇ ਪਿਤਾ ਦਾ ਨਾਮ ਮਹਾਰਾਜ ਸਿਧਾਰਥ ਤੇ ਮਾਤਾ ਦਾ ਨਾਮ ਦੇਵੀ ਤ੍ਰਿਸ਼ਲਾ ਸੀ। ਉਹਨਾਂ ਦੇ ਚਾਚੇ ਦਾ ਨਾਮ ਸੁਪਾਰਸ਼ਵ, ਵੱਡੇ ਭਰਾ ਦਾ ਨਾਮ ਨੰਦੀ ਵਰਧਨ, ਭੈਣ ਦਾ ਨਾਮ ਸੁਦਰਸ਼ਨਾ ਅਤੇ ਭਰਜਾਈ ਦਾ ਨਾਂ ਸੁਜੇਸ਼ਟਾ ਸੀ। ਭਰੇ ਪੂਰੇ ਤੇ ਸੰਪੰਨ ਪਰਿਵਾਰ ਦੇ ਵਿੱਚ ਵਰਧਮਾਨ ਦਾ ਜਨਮ ਹੋਇਆ ਸੀ। ਮਾਤਾ ਤ੍ਰਿਸ਼ਲਾ ਵੈਸ਼ਾਲੀ ਦੇ ਗੰਣਤੰਤਰ ਦੇ ਮੁੱਖੀ ਮਹਾਰਾਜਾ ਚੇਟਕ ਦੀ ਭੈਣ ਸੀ। ਭਾਰਤ ਵਿੱਚ ਗੰਣਤੰਤਰ ਪ੍ਰਣਾਲੀ ਦਾ ਪਹਿਲਾ ਪ੍ਰਯੋਗ ਮਹਾਰਾਜਾ ਚੇਟਕ ਨੇ ਹੀ ਕੀਤਾ ਸੀ।

## ਬਹਾਦਰੀ ਵਾਲਾ ਬਚਪਨ:

ਕੁਮਾਰ ਵਰਧਮਾਨ 7 – 8 ਸਾਲ ਦੇ ਹੋਏ ਕੁੱਝ ਘਟਨਾਵਾਂ ਅਜਿਹੀਆਂ ਹੋਈਆਂ ਜਿਨ੍ਹਾਂ ਤੋਂ ਉਨ੍ਹਾਂ ਦੇ ਨਿਡਰ ਅਤੇ ਬਹਾਦਰੀ ਦਾ ਯੱਸ, ਸਾਰੇ ਦੇਸ਼ ਦੇ ਬੱਚੇ ਬੁੱਢੇ ਦੀ ਜੁਬਾਨ ਤੇ ਗੂੰਜਨ ਲੱਗਾ। ਇੱਕ ਵਾਰ ਵਰਧਮਾਨ ਬੱਚਿਆਂ ਦੇ ਨਾਲ ਖੇਡ ਰਹੇ ਸਨ, ਅਚਾਨਕ ਹੀ ਇਕ ਵੱਡਾ ਕਾਲਾ ਸੱਪ ਨਿਕਲ ਆਇਆ, ਡਰ ਕਾਰਨ ਬਾਲਕ ਭੱਜ ਗਏ ਪਰ ਨਿੱਡਰ ਵਰਧਮਾਨ ਨੇ ਬਿਨ੍ਹਾ ਡਰ ਦੇ ਅਨੁਭਵ ਤੋਂ ਉਸ ਸੱਪ ਨੂੰ ਹੱਥ ਨਾਲ ਪਕੜ ਲਿਆ ਅਤੇ ਉਸ ਨੂੰ ਦੂਰ ਛੱਡ ਆਏ। ਇਕ ਹੋਰ ਘਟਨਾ ਵਿੱਚ ਕਿਸੇ ਦੁਸ਼ਟ ਦੇਵਤੇ ਨੇ ਸਰੀਰ ਦਾ ਵਿਸ਼ਾਲ ਆਕਾਰ ਬਣਾ ਕੇ ਵਰਧਮਾਨ ਨੂੰ ਅਪਣੇ ਮੋਢੇ ਉੱਪਰ ਚੁੱਕ ਲਿਆ ਅਤੇ ਆਕਾਸ਼ ਵਿੱਚ ਲੈ ਗਿਆ। ਵਰਧਮਾਨ ਦੇ ਇੱਕ ਮੁੱਕੇ ਦੇ ਵਾਰ ਕਾਰਨ ਦੇਵਤੇ ਦਾ ਧੋਖਾ ਚੂਰ ਹੋ ਗਿਆ। ਦੇਵਤਾ ਵਰਧਮਾਨ ਨੂੰ ਜਮੀਨ ਪਰ ਲੈ ਆਇਆ ਅਤੇ ਨਮਸਕਾਰ ਕਰਕੇ ਆਖਣ ਲੱਗਾ, **"ਵਰਧਮਾਨ! ਤੁਸੀ ਸੱਚ ਮੁਚ ਹੀ ਮਹਾਵੀਰ ਹੋ"** ਉਸੇ ਸਮੇਂ ਤੋਂ ਵਰਧਮਾਨ ਨੂੰ 'ਮਹਾਵੀਰ' ਕਿਹਾ ਜਾਣ ਲੱਗਾ।

ਇਕ ਹੋਰ ਪ੍ਰਸੰਗ ਵਿੱਚ ਦੋ ਲੱਬਧੀ (ਰਿੱਧੀ ਸਿੱਧੀ) ਧਾਰਕ ਮੁਨੀਆਂ ਦੀ ਸੰਕਾ ਦੂਰ ਕਰਨ ਤੇ ਮੁਨੀਆਂ ਨੇ ਵਰਧਮਾਨ ਨੂੰ 'ਸਨਮਤੀ' ਨਾਂ ਦਿੱਤਾ।

## ਕਲਾ ਆਚਾਰਿਆ ਦੇ ਕੋਲ ਅਧਿਐਨ:

ਵਰਧਮਾਨ 9 ਸਾਲ ਦੇ ਹੋਏ ਤਾਂ ਉਨ੍ਹਾਂ ਨੂੰ ਵਿਦਿਆ ਅਧਿਐਨ ਲਈ ਕਲਾ ਆਚਾਰਿਆ ਕੋਲ ਭੇਜਿਆ ਗਿਆ। ਵਰਧਮਾਨ ਤਾਂ ਜਨਮ ਤੋਂ ਹੀ ਮਤੀ, ਸ਼ਰੂਤ ਅਤੇ ਅਵਧੀ ਗਿਆਨ ਦੇ

ਧਾਰਕ ਸਨ। ਪਰ ਉਹ ਅਪਣੇ ਗਿਆਨ ਦਾ ਵਿਖਾਵਾ ਨਹੀਂ ਕਰਦੇ ਸਨ। ਪਰ ਕਲਾ ਆਚਾਰਿਆ ਕੋਲ ਵਰਧਮਾਨ ਦਾ ਇਹ ਗਿਆਨ ਛੁਪਿਆ ਨਾ ਰਹਿ ਸਕਿਆ। ਉਹ ਛੇਤੀ ਹੀ ਸਮਝ ਗਏ ਕਿ ਵਰਧਮਾਨ ਤਾਂ ਸਵਯਮਬੁੱਧ (ਜਨਮ ਜਾਤ ਗਿਆਨੀ) ਹੈ। ਉਹ ਵਰਧਮਾਨ ਨੂੰ ਲੈ ਕੇ ਮਹਾਰਾਜ ਸਿਧਾਰਥ ਕੋਲ ਆਇਆ ਅਤੇ ਰਾਜੇ ਨੂੰ ਵਰਧਮਾਨ ਦੇ ਗਿਆਨ ਦੀ ਜਾਣਕਾਰੀ ਦਿੱਤੀ। ਕਲਾ ਆਚਾਰਿਆ ਦੀ ਗੱਲ ਸੁਣ ਕੇ ਰਾਜਾ ਸਿਧਾਰਥ ਬਹੁਤ ਖੁਸ਼ ਹੋਏ।

## ਵਿਆਹ:

ਜਦੋਂ ਵਰਧਮਾਨ ਨੌਜਵਾਨ ਹੋਏ, ਉਹਨਾਂ ਦੇ ਅੰਗ ਅੰਗ ਵਿੱਚ ਜੋਵਨ ਦੀ ਚਮਕ ਅਤੇ ਤੇਜ ਨਿਖਰ ਆਇਆ। ਮਹਾਰਾਜਾ ਸਿਧਾਰਥ ਦੇ ਕੋਲ ਰਾਜਕੁਮਾਰ ਵਰਧਮਾਨ ਲਈ ਅਨੇਕਾਂ ਰਾਜੀਆਂ ਦੇ ਵਿਆਹ ਦੇ ਸੁਨੇਹੇ ਆਉਣ ਲੱਗੇ। ਉਨ੍ਹਾਂ ਵਿੱਚੋਂ ਰਾਜਾ ਸਿਧਾਰਥ ਨੇ ਕਲਿੰਗ ਦੇ ਰਾਜਾ ਜਿਤ ਸੱਤਰੂ ਦਾ ਪ੍ਰਸਤਾਵ ਸਵਿਕਾਰ ਕਰ ਲਿਆ। ਵਰਧਮਾਨ ਉਂਝ ਤਾਂ ਵਾਸਨਾ ਮੁਕਤ ਸਨ, ਬ੍ਰਹਮਚਰਿਆ ਪ੍ਰਤੀ ਉਨ੍ਹਾਂ ਦੀ ਸ਼ਰਧਾ ਸੀ। ਪਰ ਮਾਤਾ ਪਿਤਾ ਪ੍ਰਤੀ ਉਨ੍ਹਾਂ ਦੇ ਦਿਲ ਵਿੱਚ ਜੋ ਸਨਮਾਨ ਅਤੇ ਪਿਆਰ ਸੀ। ਉਸ ਪਿਆਰ ਤੇ ਸ਼ਰਧਾ ਅੱਗੇ ਉਹ ਝੁੱਕ ਗਏ। ਕਲਿੰਗ ਰਾਜਾ ਦੀ ਪੁੱਤਰੀ ਰਾਜਕੁਮਾਰੀ ਯਸ਼ੋਦਾ ਨਾਲ ਉਹਨਾਂ ਦੀ ਸ਼ਾਦੀ ਹੋ ਗਈ। ਕੁੱਝ ਸਮੇਂ ਬਾਅਦ ਯਸ਼ੋਦਾ ਨੇ ਇੱਕ ਪੁੱਤਰੀ ਨੂੰ ਜਨਮ ਦਿਤਾ ਜਿਸ ਦਾ ਨਾਂ ਪ੍ਰਿਆ ਦਰਸ਼ਨਾ ਰੱਖਿਆ ਗਿਆ। ਭਰੀ ਜਵਾਨੀ ਵਿੱਚ ਪ੍ਰਿਆ ਦਰਸ਼ਨਾ ਦਾ ਵਿਆਹ ਜਮਾਲੀ ਨਾਂ ਦੇ ਰਾਜਕੁਮਾਰ ਨਾਲ ਕੀਤਾ ਗਿਆ। (ਪਰ ਦਿਗੰਬਰ ਜੈਨ ਪ੍ਰੰਪਰਾ ਵਿਆਹ ਅਤੇ ਸੰਤਾਨ ਦੀ ਘਟਨਾ ਨੂੰ ਨਹੀਂ ਮੰਨਦੀ)

## ਮਮਤਾ ਦੀ ਜਿੱਤ:

ਵਰਧਮਾਨ ਸੰਸਾਰ ਵਿੱਚ ਰਹਿੰਦੇ ਸਨ। ਪਰ ਸੰਸਾਰ ਦੀਆਂ ਵਿਸ਼ੇ ਵਾਸਨਾਵਾਂ ਵਿੱਚ ਉਨ੍ਹਾਂ ਨੂੰ ਕੋਈ ਰਸ ਨਹੀਂ ਸੀ। ਜਿਵੇਂ ਕਮਲ ਦਾ ਫੁੱਲ ਜਲ ਤੋਂ ਨਿਰਲੇਪ ਰਹਿੰਦਾ ਹੈ। ਉਸੇ ਪ੍ਰਕਾਰ ਵਰਧਮਾਨ ਰਾਜ ਪਾਟ ਅਤੇ ਸੁਖ ਸਾਧਨਾ ਦੇ ਵਿੱਚ ਰਹਿਕੇ ਵੀ ਉਨ੍ਹਾਂ ਦੀ ਖਿਚ ਤੋਂ ਉੱਪਰ ਸਨ। ਉਹ ਜਾਣਦੇ ਸਨ ਕਿ ਜਿਸ ਨਿਸ਼ਾਨੇ ਨੂੰ ਉਨ੍ਹਾਂ ਪ੍ਰਾਪਤ ਕਰਨਾ ਹੈ। ਉਸ ਲਈ ਲਗਾਤਾਰ ਅਤੇ ਜਬਰਦਸਤ ਸਾਧਨਾ ਦੀ ਜ਼ਰੂਰਤ ਹੈ। ਉਸ ਸਾਧਨਾ ਦੇ ਲਈ ਉਨ੍ਹਾਂ ਇੱਕਲੇ ਰਹਿਣਾ ਜ਼ਰੂਰੀ ਹੈ। ਆਪਣੇ ਨਿਸ਼ਾਨੇ ਦੀ ਸਾਧਨਾ ਲਈ ਇਕ ਦਿਨ ਉਨ੍ਹਾਂ ਅਪਣੇ ਮਾਤਾ ਪਿਤਾ ਕੋਲ ਘਰ ਛੱਡਕੇ ਸਾਧੂ ਜੀਵਨ ਗ੍ਰਹਿਣ ਕਰਨ ਦੀ ਗੱਲ ਆਖੀ। ਵਰਧਮਾਨ ਦੀ ਗੱਲ ਸੁਣ ਕੇ ਰਾਜਾ ਸਿਧਾਰਥ ਅਤੇ ਮਹਾਰਾਣੀ ਤ੍ਰਿਸ਼ਲਾ ਪੁੱਤਰ ਦੇ ਵਿਛੋੜੇ ਨਾਲ ਦੁੱਖੀ ਹੋ ਗਏ। ਮਾਤਾ ਤ੍ਰਿਸ਼ਲਾ ਨੇ ਆਖਿਆ,

"ਵਰਧਮਾਨ! ਤੇਰੇ ਵਿਛੋੜੇ ਦੀ ਕਲਪਨਾ ਮੈਂ ਸੁਪਨੇ ਵਿੱਚ ਵੀ ਨਹੀਂ ਕਰ ਸਕਦੀ। ਜਦ ਤੱਕ ਅਸੀਂ ਜਿਉਂਦੇ ਹਾਂ ਤੁਸੀ ਘਰ ਵਿੱਚ ਰਹਿਕੇ ਹੀ ਸਾਧਨਾ ਕਰੋ"।

ਮਾਂ ਦੇ ਦੁਖ ਨੂੰ ਵੇਖ ਕੇ ਵਰਧਮਾਨ ਚੁੱਪ ਹੋ ਗਏ। ਅਹਿੰਸਾ ਅਤੇ ਕਰੂਣਾ ਦੇ ਮਸੀਹਾ ਆਪਣੇ ਮਾਤਾ ਪਿਤਾ ਨੂੰ ਕਸ਼ਟ ਕਿਵੇਂ ਦੇ ਸਕਦੇ ਸਨ? ਘਰ ਰਹਿਕੇ ਹੀ ਵਰਧਮਾਨ ਅਪਣੀ ਆਤਮ ਸਾਧਨਾ ਦਾ ਟੀਚਾ ਨਿਸਚਿਤ ਕਰਨ ਲੱਗੇ।

## ਮਾਤਾ ਪਿਤਾ ਦਾ ਵਿਛੋੜਾ ਤੇ ਘਰ ਤਿਆਗ:

ਵਰਧਮਾਨ ਜਦੋਂ 28 ਸਾਲ ਦੇ ਹੋਏ, ਤਾਂ ਥੋੜੇ ਸਮੇਂ ਵਿੱਚ ਹੀ ਉਹਨਾਂ ਦੇ ਪਿਤਾ ਸਿਧਾਰਥ ਅਤੇ ਮਾਤਾ ਤ੍ਰਿਸ਼ਲਾ ਇਸ ਸੰਸਾਰ ਤੋਂ ਵਿਦਾ ਹੋ ਗਏ। ਵਰਧਮਾਨ ਲਈ ਇਹ ਔਖੀਆਂ ਘੜੀਆਂ ਸਨ। ਪਿਆਰ ਅਤੇ ਮਮਤਾ ਦੀ ਸਾਕਾਰ ਮੂਰਤੀਆਂ ਦੀ ਵਿਦਾਇਗੀ ਨਾਲ ਉਹ ਦੁੱਖੀ ਹੋ ਗਏ। ਹਮੇਸ਼ਾ ਕਾਇਮ ਰਹਿਣ ਵਾਲੀ ਸੱਚਾਈ ਨੂੰ ਉਹਨਾਂ ਅਪਣੇ ਸਾਹਮਣੇ ਬਣਦੇ ਵੇਖਿਆ ਸੀ। ਪਰ ਉਹ ਛੇਤੀ ਹੀ ਆਤਮਾ ਸਥਿਤ ਹੋ ਗਏ।

ਮਾਂ ਪਿਉ ਦੀ ਵਿਦਾਇਗੀ ਤੋਂ ਬਾਅਦ ਵਰਧਮਾਨ ਨੇ ਫਿਰ ਘਰ ਛੱਡਣ ਦਾ ਸੰਕਲਪ ਕੀਤਾ। ਇਸ ਲਈ ਉਹਨਾਂ ਅਪਣੇ ਵੱਡੇ ਭਰਾ ਨੰਦੀ ਵਰਧਨ ਦੀ ਇਜਾਜ਼ਤ ਮੰਗੀ। ਮਾਂ ਪਿਉ ਦੇ ਮੌਤ ਦੇ ਵਿਛੋੜੇ ਤੋਂ ਅਜੇ ਨੰਦੀ ਵਰਧਨ ਵੀ ਉਭਰੇ ਨਹੀਂ ਸਨ ਤੇ ਭਰਾ ਦੇ ਵਿਛੋੜੇ ਦੀ ਕਲਪਨਾ ਨੇ ਉਹਨਾਂ ਨੂੰ ਦੁੱਖੀ ਕਰ ਦਿਤਾ। ਉਹਨਾਂ ਆਖਿਆ, "ਵਰਧਮਾਨ ਮੈਂ ਮੰਨਦਾ ਹਾਂ ਕਿ ਤੂੰ ਘਰ ਵਿੱਚ ਰਹਿਕੇ ਵੀ ਸਾਧੂਆਂ ਵਾਲਾ ਜੀਵਨ ਗੁਜਾਰ ਰਹੇ ਹੋ। ਇਸ ਲਈ ਮੈਂ ਤੈਨੂੰ ਅਪਣੀਆਂ ਅੱਖਾਂ ਦੇ ਸਾਹਮਣੇ ਵੇਖ ਕੇ ਹੀ ਸੰਤੁਸ਼ਟ ਹੋ ਜਾਂਦਾ ਹਾਂ ਤੇਰਾ ਵਿਛੋੜਾ ਮੈਂ ਨਹੀਂ ਝੱਲ ਸਕਦਾ"।

ਵਰਧਮਾਨ ਨੇ ਆਖਿਆ, "ਹੇ ਭਰਾ! ਮੈਂ ਅਪਣੇ ਅਤੇ ਸੰਸਾਰ ਦੇ ਕਲਿਆਣ ਦੇ ਲਈ ਜੋ ਨਿਸ਼ਾਨਾ ਨਿਸ਼ਚਿਤ ਕੀਤਾ ਹੈ। ਉਸ ਨੂੰ ਸਫਲ ਬਣਾਉਨ ਦੇ ਲਈ ਘਰ ਛੱਡਣਾ ਜ਼ਰੂਰੀ ਹੈ। ਤੁਸੀ ਅਪਣੇ ਪਿਆਰ ਕਾਰਣ ਇਸ ਕਲਿਆਣ ਰੂਪੀ ਯੱਗ ਦੀ ਰੁਕਾਵਟ ਨਾ ਬਣੋ। ਮੈਨੂੰ ਅਪਣੇ ਨਿਸ਼ਾਨੇ ਦੀ ਮੰਜ਼ਿਲ ਵਲ ਵਧਣ ਦੀ ਆਗਿਆ ਦੇਵੋ"।

ਨੰਦੀ ਵਰਧਨ ਨੇ ਸੋਚ ਵਿਚਾਰ ਕੇ ਦੋ ਸਾਲ ਲਈ ਵਰਧਮਾਨ ਨੂੰ ਘਰ ਵਿੱਚ ਰੋਕ ਲਿਆ। ਵਰਧਮਾਨ ਰੁੱਕ ਗਏ, ਛੇਤੀ ਹੀ ਦੋ ਸਾਲ ਬੀਤ ਗਏ। ਹੁਣ ਵਰਧਮਾਨ ਸੁਤੰਤਰ ਸਨ, ਸੁਤੰਤਰਤਾ ਦੇ ਰਾਹ ਤੇ ਵਰਧਮਾਨ ਨੇ ਅਪਣੇ ਕਦਮ ਵੱਧਾ ਲਏ। ਮੱਘਰ ਕ੍ਰਿਸ਼ਨਾ 10ਵੀਂ ਨੂੰ ਵਰਧਮਾਨ ਸਾਧੂ ਬਣ ਗਏ। ਨੰਦੀ ਵਰਧਨ ਨੇ ਅਪਣੇ ਭਰਾ ਦੇ ਦੀਖਿਆ ਸਮਾਰੋਹ ਧੂਮ ਧਾਮ ਨਾਲ ਬਣਾਇਆ।

ਦੇਵਤਿਆਂ ਦੇ ਰਾਜੇ ਇੰਦਰ ਨੇ ਇਸ ਸਮਾਰੋਹ ਵਿੱਚ ਹਾਜਰ ਹੋ ਕੇ ਵਰਧਮਾਨ ਦੇ ਇਸ ਸ਼ਕਤੀਸ਼ਾਲੀ ਫੈਸਲੇ ਤੇ ਉਹਨਾਂ ਦਾ ਸਵਾਗਤ ਕੀਤਾ।

ਵਰਧਮਾਨ ਪੂਰਨ ਸੁਤੰਤਰਤਾ ਦੇ ਸੰਕਲਪ ਨਾਲ ਕੱਪੜੇ, ਗਹਿਣਿਆਂ ਦੀ ਗੁਲਾਮੀ ਨੂੰ ਛੱਡ ਦਿਤਾ। ਜਿਸ ਰੂਪ ਵਿੱਚ ਕੁਦਰਤ ਨੇ ਉਨ੍ਹਾਂ ਨੂੰ ਸੰਸਾਰ ਵਿੱਚ ਭੇਜਿਆ ਸੀ ਵਰਧਮਾਨ ਨੇ ਉਸੇ ਰੂਪ ਵਿੱਚ ਸਵਿਕਾਰ ਕੀਤਾ। ਉਹ ਵਸਤਰ ਰਹਿਤ ਮੁਨੀ ਬਣ ਗਏ। ਪੰਜਮੁਸਟੀ ਲੋਚ (ਕੇਸ਼ ਪੁਟਨ ਦੀ ਪ੍ਰਕ੍ਰਿਆ) ਕੀਤਾ ਅਤੇ ਸੰਜਮ ਯਾਤਰਾ 'ਤੇ ਚੱਲ ਪਏ।

ਦੇਵਰਾਜ ਇੰਦਰ ਨੇ ਖੁਸ਼ੀ ਨਾਲ ਇਕ ਦੇਵ ਦੁਸ਼ਯ ਵਸਤਰ ਵਰਧਮਾਨ ਦੇ ਕੰਧੇ ਤੇ ਰੱਖ ਦਿਤਾ। ਵਰਧਮਾਨ ਸੁਤੰਤਰਤਾ ਦਾ ਸੰਕਲਪ ਲੈ ਚੁੱਕੇ ਸਨ। ਇਸ ਸੰਕਲਪ ਦੇ ਨਾਲ ਹੀ ਉਨ੍ਹਾਂ ਦੇਹ ਦੀ ਮਮਤਾ ਤੋਂ ਪਾਰ ਹੋ ਗਏ ਸਨ। ਇੰਦਰ ਦੇ ਰਾਹੀਂ ਦਿਤਾ ਵਸਤਰ ਵੀ ਉਨ੍ਹਾਂ ਨਾ ਸਵਿਕਾਰ ਕੀਤਾ ਅਤੇ ਨਾ ਹੀ ਗ੍ਰਹਿਣ ਕੀਤਾ। (ਛੇ ਮਹਿਨੇ ਵਸਤਰ ਵਰਧਮਾਨ ਦੇ ਕੰਧੇ ਤੇ ਰਹਿਕੇ ਇੱਕ ਝਾੜੀ ਵਿੱਚ ਫਸ ਗਿਆ ਜਿਥੋਂ ਇਕ ਬ੍ਰਾਹਮਣ ਨੇ ਇਹ ਵਸਤਰ ਚੁੱਕ ਲਿਆ ਅਤੇ ਉਨ੍ਹਾ ਦੇ ਭਰਾ ਨੰਦੀ ਵਰਧਨ ਰਾਜੇ ਨੂੰ ਦੇ ਕੇ ਬਹੁਤ ਸਾਰਾ ਧਨ ਪਾ ਕੇ ਅਪਣੀ ਗਰੀਬੀ ਦੂਰ ਕੀਤੀ।

ਸਾਧਨਾ ਕਾਲ ਵਿੱਚ ਸ੍ਰਮਣ ਵਰਧਮਾਨ ਦੀ ਸ਼ਹਿਨਸ਼ੀਲਤਾ ਅਤੇ ਖਿਮਾ ਦੀ ਪ੍ਰੀਖਿਆ ਲੈਣ ਲਈ ਸੰਗਮ ਨਾਂ ਦਾ ਦੇਵਤਾ ਆਇਆ। ਛੇ ਮਹਿਨੇ ਦਿਲ ਕੰਬਾਉ ਅਤੇ ਕਸ਼ਟਾਂ ਰਾਹੀਂ ਮੁਸੀਬਤਾ ਨਾਲ ਉਹ ਦੇਵਤਾ ਵਰਧਮਾਨ ਦੀ ਸਾਰੀ ਆਤਮ ਸਾਧਨਾ (ਅਰਾਧਨਾ) ਨੂੰ ਖੰਡਤ ਨਾ ਕਰ ਸਕਿਆ। ਉਸ ਸਮੇਂ ਉਸ ਨੇ ਸ਼੍ਰਮਣ ਵਰਧਮਾਨ (ਮਹਾਵੀਰ) ਨਾਂ ਨਾਲ ਪੁਕਾਰ ਕੇ ਉਨ੍ਹਾਂ ਦੀ ਭਗਤੀ ਕੀਤੀ। ਉਦੋਂ ਤੋਂ ਲੈ ਕੇ ਅੱਜ ਤੱਕ ਵਰਧਮਾਨ, ਮਹਾਵੀਰ ਦੇ ਨਾਂ ਨਾਲ ਪ੍ਰਸਿੱਧ ਹਨ। ਆਪਣੀ ਕਲਮ ਦੇ ਇਸ ਪੜਾਓ ਤੋਂ ਮੈਂ ਵਰਧਮਾਨ ਨੂੰ ਮਹਾਵੀਰ ਸੰਬੋਧਨ ਨਾਲ ਵਰਨਣ ਕਰਾਂਗਾ।

## ਮਹਾਵੀਰ ਦੀ ਸਾਧਨਾ ਦਾ ਸਿਲਸਲੇ ਵਾਰ ਵਰਨਣ:

ਮਹਾਵੀਰ ਨੇ ਅਪਣੀ ਸਾਧਨਾ ਰੂਪੀ ਨਦੀ ਦੀ ਧਾਰਾ ਨੂੰ ਦੋ ਕਿਨਾਰਿਆਂ ਦੇ ਵਿਚਕਾਰ ਬਹਾਇਆ। ਉਹ ਦੋ ਕਿਨਾਰੇ ਹਨ, ਧਿਆਨ ਅਤੇ ਤੱਪ। ਮਹਾਵੀਰ ਆਪ ਸੰਬੁਧ (ਜਨਮ ਜਾਤ ਗਿਆਨੀ) ਸਨ। ਉਹ ਜਾਣਦੇ ਸਨ ਕਿ ਧਿਆਨ ਨਾਲ ਲਗਾਤਾਰ ਸੰਚਿਤ (ਇਕੱਠੇ) ਕਰਮ ਦਾ ਰਾਸ਼ੀ ਦਾ ਵਿਸ਼ਰਜਨ (ਖਾਤਮਾ) ਕੀਤਾ ਜਾ ਸਕਦਾ ਹੈ। ਆਤਮਾ ਦੀ ਪੂਰਨ ਸੁਤੰਤਰਤਾ ਮਹਾਵੀਰ ਦਾ ਪਹਿਲਾ ਉਦੇਸ਼ ਹੈ। ਧਿਆਨ ਦੇ ਰਾਹੀਂ ਉਨ੍ਹਾਂ ਪੂਰਨ ਅਪ੍ਰਮਾਦ (ਅਣਗਿਹਲੀ ਰਹਿਤ) ਅੱਵਸਥਾ ਵਿੱਚ ਸਥਿਰ ਹੋ ਗਏ ਅਤੇ ਉੱਚੀ ਤਪ ਅਰਾਧਨਾ ਨਾਲ ਪਿਛਲੇ ਸੰਚਿਤ ਕਰਮ ਭਾਰ ਨੂੰ ਝਾੜਕੇ ਮੋਕਸ਼ ਦੇ ਰਾਹ ਵਲ ਵਧਨ ਲੱਗੇ।

ਘਰ ਤਿਆਗ ਦੇ ਦਿਨ ਤੋਂ ਹੀ ਮਹਾਵੀਰ ਤੱਪਸਵੀ ਸਨ। ਭੁੱਖ ਦੀ ਗੁਲਾਮੀ ਤੇ ਮਹਾਵੀਰ ਨੇ ਇਸ ਸੰਕਲਪ ਨਾਲ ਪਹਿਲਾ ਵਾਰ ਕੀਤਾ ਕਿ ਉਹ ਸਾਧਨਾ ਕਾਲ ਵਿੱਚ ਲਗਾਤਾਰ ਭੋਜਨ ਨਹੀਂ ਕਰਨਗੇ। ਘੱਟ ਘੱਟ ਤੋਂ ਘੱਟ ਭੋਜਨ ਦੋ ਦਿਨ ਬਾਅਦ ਕਰਨਗੇ। ਭਾਵ ਘੱਟ ਤੋਂ ਘੱਟ ਬੇਲੇ ਦਾ ਤਪ ਕਰਨਗੇ।

## ਪਹਿਲਾ ਸੰਕਟ:

ਦੀਖਿਆ ਸਥਾਨ ਤੋਂ ਖੱਤਰੀ ਕੁੰਡਗ੍ਰਾਮ ਦੇ ਬਾਹਰਲੇ ਹਿੱਸੇ ਵਿੱਚ ਸਥਿਤ ਬਾਗ ਤੋਂ ਚੱਲ ਕੇ ਮਹਾਵੀਰ ਕੁਰਮਾਰ ਗਰਾਮ ਦੇ ਕੋਲ ਜੰਗਲ ਵਿੱਚ ਪਹੁੰਚੇ। ਉੱਥੇ ਨਾਸਅਗਰ (ਨੱਕ ਦੇ ਮੂਹਰਲੇ ਭਾਗ 'ਤੇ ਧਿਆਨ ਲਗਾਉਣਾ) ਤੇ ਨਿਗਾਹ ਟਿਕਾ ਕੇ ਅਤੇ ਸ਼ਰੀਰ ਨੂੰ ਢਿੱਲਾ ਛੱਡ ਕੇ ਕਾਯੋਤਸਰਗ (ਸਰੀਰ ਦਾ ਮੋਹ ਤਿਆਗ ਦਾ ਆਸਨ) ਵਿੱਚ ਲੀਨ ਹੋ ਗਏ। ਉਨ੍ਹਾਂ ਦੀ ਸਰੀਰਕ ਅਵਸਥਾ ਸਥਿਰ ਅਤੇ ਅਢੋਲ ਸੀ। ਉਹ ਆਤਮ ਸਾਧਨਾ ਧਿਆਨ ਵਿੱਚ ਲੀਨ ਸਨ।

ਉਸੇ ਸਮੇਂ ਇਕ ਗਵਾਲਾ ਆਇਆ, ਮਹਾਵੀਰ ਨੂੰ ਉੱਥੇ ਖੜਾ ਵੇਖ ਕੇ ਉਹ ਬੇਫਿਕਰ ਹੋ ਗਿਆ ਅਤੇ ਉਸ ਨੇ ਅਪਣੇ ਬਲਦ ਉੱਥੇ ਹੀ ਛੱਡ ਦਿਤੇ। ਉਸ ਨੇ ਮਹਾਵੀਰ ਨੂੰ ਕਿਹਾ, "ਹੇ ਮਹਾਤਮਾ! ਮੈਂ ਛੇਤੀ ਹੀ ਪਿੰਡ ਜਾ ਕੇ ਵਾਪਸ ਆਵਾਗਾਂ ਤੱਦ ਤੱਕ ਤੁਸੀਂ ਮੇਰੇ ਬਲਦਾਂ ਦੀ ਦੇਖ ਭਾਲ ਕਰਨਾ"। ਇਹ ਆਖ ਕੇ ਗਵਾਲਾ ਚਲਾ ਗਿਆ। ਪਰ ਜਿਸ ਨੇ ਅਪਣੀ ਦੇਹ ਤੱਕ ਦੀ ਸੰਭਾਲ ਤੋਂ ਵਿਦਾਈ ਲੈ ਲਈ ਹੋਵੇ, ਉਹ ਭਲਾ ਕਿਸੇ ਦੇ ਬਲਦ ਕਿਵੇਂ ਸੰਭਾਲੇਗਾ? ਸੰਭਾਲਣ ਵਿੱਚ ਸਾਰ ਹੁੰਦਾ ਤਾਂ ਉਹ ਰਾਜ ਪਾਟ ਕਿਉਂ ਠੁਕਰਾਉਂਦੇ? ਬਲਦਾਂ ਨੇ ਅਪਣੇ ਆਪ ਨੂੰ ਬੰਧਨ ਰਹਿਤ ਪਾ ਕੇ ਚਰਨ ਲਈ ਜੰਗਲ ਦੀ ਇਕ ਦਿਸ਼ਾ ਵਿੱਚ ਦੂਰ ਤੱਕ ਨਿਕਲ ਗਏ।

ਗਵਾਲਾ ਵਾਪਸ ਆਇਆ, ਬਲਦਾਂ ਨੂੰ ਨਾ ਪਾ ਕੇ, ਉਹ ਦੁੱਖੀ ਹੋ ਗਿਆ। ਉਸ ਨੇ ਬਲਦਾਂ ਬਾਰੇ ਮਹਾਵੀਰ ਤੋਂ ਪੁਛਿਆ ਪਰ ਮਹਾਵੀਰ ਤਾਂ ਚੁੱਪ ਹਨ। ਉਹ ਜਾਣਦੇ ਹਨ ਕਿ ਹਰ ਪ੍ਰਸ਼ਨ ਦਾ ਉੱਤਰ ਉਹ ਦੇਣਗੇ ਤਾਂ ਸਾਧਨਾ ਬਾਰ ਬਾਰ ਖੰਡਿਤ ਹੁੰਦੀ ਰਹੇਗੀ। ਮਹਾਵੀਰ ਦੇ ਚੁਪ ਤੋਂ ਗਵਾਲਾ ਦੁੱਖੀ ਹੋ ਗਿਆ। ਦੁੱਖੀ ਹਾਲਤ ਵਿੱਚ ਉਸ ਨੇ ਅਪਣੇ ਬਲਦਾਂ ਦੀ ਤਲਾਸ ਕੀਤੀ, ਪਰ ਬਲਦ ਨਾ ਮਿਲੇ। ਸਾਮ ਨੂੰ ਉਹ ਉਸੇ ਰਾਹ ਤੇ ਵਾਪਸ ਆਇਆ ਜਿੱਥੇ ਮਹਾਵੀਰ ਧਿਆਨ ਵਿੱਚ ਮਗਨ ਸਨ। ਮਹਾਵੀਰ ਦੇ ਕੋਲ ਹੀ ਬਲਦ ਚਰਦੇ ਵੇਖ ਕੇ ਗਵਾਲੇ ਦਾ ਦੁੱਖ ਗੁੱਸੇ ਵਿੱਚ ਬਦਲ ਗਿਆ। ਉਸ ਨੇ ਬਲਦਾਂ ਨੂੰ ਬਣਨ ਵਾਲੇ ਰੱਸੇ ਨਾਲ ਮਹਾਵੀਰ ਤੇ ਬਾਰ ਕੀਤਾ।

## ਦੀਖਿਆ ਦਾ ਪਹਿਲਾ ਦਿਨ ਅਤੇ ਪਹਿਲਾ ਸੰਕਟ:

ਪਰ ਮਹਾਵੀਰ ਜਾਣਦੇ ਹਨ ਕਿ ਸੰਕਟ ਸਰੀਰ ਤੇ ਹੈ, ਸਰੀਰ ਮਿੱਟੀ ਦਾ ਬਣਿਆ ਹੈ। ਸਰੀਰ ਤੇ ਆਤਮਾ ਦੇ ਭੇਦ ਗਿਆਨ ਨੂੰ ਸਪਸ਼ਟ ਕਰਨ ਲਈ, ਇਹ ਸੰਕਟ ਪ੍ਰੀਖਿਆ ਹੈ ਅਤੇ ਪ੍ਰੀਖਿਆ ਵਿੱਚ ਪੂਰੇ ਨੰਬਰ ਚਾਹਿਦੇ ਹਨ।

ਗਵਾਲਾ ਗੁੱਸੇ ਨਾਲ ਭਰਿਆ ਹੈ। ਉਸੇ ਸਮੇਂ ਦੇਵਤਿਆਂ ਦੇ ਰਾਜੇ ਇੰਦਰ ਦਾ ਸਿੰਘਾਸਨ ਢੋਲ ਗਿਆ। ਉਸ ਨੇ ਵੇਖਿਆ ਕਿ ਦੀਖਿਆ ਦੇ ਪਹਿਲੇ ਪੜਾਓ ਤੇ ਹੀ ਸ੍ਰਮਣ ਵਰਧਮਾਨ ਦੇ ਰਾਹ ਤੇ ਭਾਰੀ ਰੁਕਾਵਟ ਆ ਗਈ ਹੈ। ਇੰਦਰ ਉਸੇ ਸਮੇਂ ਹਾਜਿਰ ਹੋਇਆ। ਇੰਦਰ ਨੂੰ ਵੇਖ ਕੇ ਗਵਾਲਾ ਡਰ ਗਿਆ। ਮਹਾਵੀਰ ਨੇ ਅਪਣਾ ਕਾਯੋਤਸਰਗ (ਧਿਆਨ) ਪੂਰਾ ਕੀਤਾ। ਚਰਨਾ ਵਿੱਚ ਹੱਥ ਜੋੜ ਕੇ ਖੜ੍ਹੇ ਇੰਦਰ ਨੇ ਮਹਾਵੀਰ ਨੂੰ ਪ੍ਰਾਥਨਾ ਕੀਤੀ, "ਭਗਵਾਨ! ਸਾਧਨਾ ਕਾਲ ਦਾ ਪਹਿਲਾ ਦਿਨ ਹੀ ਨਾ ਸਹਿਣਯੋਗ ਕਸ਼ਟ ਨਾਲ ਸ਼ੁਰੂ ਹੋਇਆ ਹੈ, ਅਜੇ ਆਪ ਨੇ ਲੰਬੀ ਯਾਤਰਾ ਕਰਨੀ ਹੈ, ਮੈਨੂੰ ਹੁਕਮ ਦਿਓ ਮੈਂ ਆਪ ਦੀ ਸੇਵਾ ਵਿੱਚ ਰਹਿਕੇ ਆਪ ਦੀ ਸਾਧਨਾ ਵਿੱਚ ਨਿਰਵਿਘਨ ਸਫਲਤਾ ਵਿੱਚ ਸਹਿਯੋਗ ਦੇਵਾਗਾਂ" ਇੰਦਰ ਦੀ ਬੇਨਤੀ ਸੁਣ ਕੇ ਮਹਾਵੀਰ ਨੇ ਕਿਹਾ, "ਹੇ ਦੇਵਇੰਦਰ! ਆਤਮ ਸੁਤੰਤਰਤਾ ਦੀ ਸਾਧਨਾ ਕਿਸੇ ਦੇ ਸਹਿਯੋਗ ਨਾਲ ਕਮਜੋਰ ਪੈ ਜਾਂਦੀ ਹੈ। ਉਸ ਦੀ ਸਫਲਤਾ ਲਈ ਆਤਮ ਸਹਿਯੋਗ ਹੀ ਇਕ ਮਾਤਰ ਉਪਾਅ ਹੈ ਅੱਜ ਤੱਕ ਕਿਸੇ ਸਾਧਕ ਨੇ ਕਿਸੇ ਦੇ ਸਹਿਯੋਗ ਦੇ ਮੋਢੇ ਤੇ ਚੜ੍ਹ ਕੇ ਸੁਤੰਤਰਤਾ ਦਾ ਸੁਆਦ ਨਹੀਂ ਲਿਆ। ਫਿਰ ਮੈਂ ਤੁਹਾਡੇ ਪ੍ਰਸਤਾਵ ਦੀ ਹਾਮੀ ਕਿਵੇਂ ਭਰ ਸਕਦਾ ਹਾਂ?"

## ਪਹਿਲਾ ਚੌਮਾਸਾ:

ਮਹਾਵੀਰ ਸਾਧੂ ਹਨ, ਉਨ੍ਹਾਂ ਦਾ ਆਪਣਾ ਕੋਈ ਘਰ ਨਹੀਂ ਹੈ। ਜਦ ਤੋਂ ਉਨ੍ਹਾਂ ਨੇ ਆਪਣੀ ਆਤਮਾ ਵਿੱਚ ਪ੍ਰਵੇਸ਼ ਕੀਤਾ ਹੈ। ਉਸ ਤੋਂ ਬਾਅਦ ਉਨ੍ਹਾਂ ਨੂੰ ਘਰ ਦੀ ਜ਼ਰੂਰਤ ਮਹਿਸੂਸ ਨਹੀਂ ਹੋਈ ਹੈ। ਉਹ ਆਤਮਾ ਰੂਪੀ ਆਕਾਸ਼ ਵਿੱਚ ਉੱਡਣ ਵਾਲੇ ਹੋ ਗਏ ਹਨ। ਇਹ ਵਾਰ ਘੁੰਮਦੇ ਹੋਏ ਮਹਾਵੀਰ ਕੋਲਾਕ ਸਨੀਵੇਸ਼ ਪਹੁੰਚੇ। ਉਸ ਪਿੰਡ ਦੇ ਕੋਲ ਤੱਪਸਵੀਆਂ ਦਾ ਇਕ ਆਸ਼ਰਮ ਸੀ। ਦੂਈਜੰਤ ਇਸ ਆਸ਼ਰਮ ਦਾ ਮੁਖੀਆ ਸੀ। ਉਹ ਮਹਾਵੀਰ ਦੇ ਪਿਤਾ ਮਹਾਰਾਜਾ ਸਿਧਾਰਥ ਦਾ ਮਿੱਤਰ ਸੀ। ਇਸੇ ਲਈ ਰਾਜਕੁਮਾਰ ਵਰਧਮਾਨ ਦੇ ਰੂਪ ਵਿੱਚ ਉਹ ਮਹਾਵੀਰ ਨੂੰ ਪਹਿਲਾਂ ਵੇਖ ਚੁੱਕੇ ਸਨ। ਅਪਣੇ ਆਸ਼ਰਮ ਦੇ ਕੋਲ ਮਹਾਵੀਰ ਨੂੰ ਵਿਚਰਦੇ ਵੇਖ ਕੇ, ਦੂਈਜੰਤ ਉਨ੍ਹਾਂ ਦੇ ਕੋਲ ਆਇਆ, ਦੋਹਾਂ ਨੇ ਆਪਸ ਵਿੱਚ ਭੇਂਟ ਕੀਤੀ ਦੂਈਜੰਤ ਨੇ ਮਹਾਵੀਰ ਦਾ ਸਵਾਗਤ ਕੀਤਾ। ਇਕ

ਦਿਨ ਆਸ਼ਰਮ ਠਹਿਰਣ ਤੋਂ ਬਾਅਦ ਦੂਸਰੇ ਦਿਨ ਮਹਾਵੀਰ ਰਵਾਨਾ ਹੋਣ ਲੱਗੇ ਦੂਈਜੰਤ ਨੇ ਪਿਆਰ ਭਰੇ ਸ਼ਬਦਾਂ ਵਿੱਚ ਆਖਿਆ, "ਤੱਪਸਵੀ! ਇਸ ਆਸ਼ਰਮ ਨੂੰ ਆਪਣਾ ਹੀ ਮੰਨੋ, ਵਰਖਾ ਦਾ ਸਮਾਂ ਨਜਦੀਕ ਹੈ, ਇਸ ਸਮੇਂ ਇਥੇ ਰਹਿਕੇ ਸਾਧਨਾ ਕਰੋ" ਸਹਿਜ ਸਹਿਮਤੀ ਮਿਲਣ ਤੇ ਮਹਾਵੀਰ ਉੱਥੇ ਟਿਕ ਗਏ।

ਵਰਖਾ ਸਮਾਂ ਸ਼ੁਰੂ ਹੋਣ ਤੋਂ ਪਹਿਲਾਂ ਆਸ ਪਾਸ ਦੇ ਇਲਾਕੇ ਵਿੱਚ ਜਾ ਕੇ ਮਹਾਵੀਰ ਵਰਖਾ ਦਾ ਸਮਾਂ ਬਿਤਾਉਣ ਲਈ ਦੂਈਜੰਤ ਦੇ ਆਸ਼ਰਮ ਵਿੱਚ ਆ ਗਏ। ਆਸ਼ਰਮ ਮੁੱਖੀ ਨੇ ਉਹਨਾਂ ਨੂੰ ਰਹਿਣ ਲਈ ਇੱਕ ਕੁਟੀਆ ਦਿਤੀ, ਉੱਥੇ ਰਹਿਕੇ ਮਹਾਵੀਰ ਆਤਮ ਸਾਧਨਾ ਵਿੱਚ ਲੀਨ ਰਹਿਣ ਲੱਗੇ।

ਵਰਖਾ ਦਾ ਸਮਾਂ ਸ਼ੁਰੂ ਹੋਇਆ ਗਰਮੀ ਦੇ ਕਾਰਨ, ਜੰਗਲਾਂ ਦੀ ਹਰਿਆਲੀ ਖਤਮ ਹੋ ਗਈ, ਗਊਆਂ ਜੰਗਲ ਵਿੱਚ ਚਰਨ ਜਾਂਦੀਆਂ ਪਰ ਘਾਹ ਨਾ ਮਿਲਣ ਕਾਰਨ ਗਊਆਂ ਆਸ਼ਰਮ ਵਿੱਚ ਬਣੀਆਂ ਝੌਂਪੜੀਆਂ ਨੂੰ ਆਪਣਾ ਭੋਜਣ ਬਣਾਉਨ ਦੀ ਕੋਸ਼ਿਸ ਕਰਦੀਆਂ। ਇਹ ਵੇਖ ਕੇ ਆਸ਼ਰਮ ਦੇ ਸੰਨਿਆਸੀ ਡੰਡੇ ਲੈ ਕੇ ਗਊਆਂ ਦੇ ਪਿੱਛੇ ਭੱਜਦੇ, ਪਰ ਮਹਾਵੀਰ ਅਜਿਹਾ ਨਾ ਕਰਦੇ। ਉਹ ਅਜਿਹਾ ਕਰ ਵੀ ਨਹੀਂ ਸਕਦੇ ਸਨ। ਸਿੱਟੇ ਵਜੋਂ ਗਊਆਂ ਨੇ ਉਹਨਾਂ ਦੀ ਝੌਂਪੜੀ ਨੂੰ ਆਪਣਾ ਭੋਜਨ ਬਣਾ ਲਿਆ।

ਸੰਨਿਆਸੀਆਂ ਨੇ ਦੂਈਜੰਤ ਮੁੱਖੀ ਨੂੰ ਇਸ ਗੱਲ ਦੀ ਸੂਚਨਾ ਦਿਤੀ ਕਿ ਜਿਸ ਸ਼੍ਰਮਣ ਨੂੰ ਤੁਸੀਂ ਚੋਮਾਸੇ ਦਾ ਬੁਲਾਵਾ ਦਿਤਾ ਹੈ। ਉਹ ਇਨ੍ਹਾ ਕਰਮਹੀਣ ਹੈ ਕਿ ਉਹ ਅਪਣੀ ਝੋਂਪੜੀ ਦੀ ਰਾਖੀ ਵੀ ਨਹੀਂ ਕਰਦਾ। ਦੂਈਜੰਤ ਮੁੱਖੀ ਮਹਾਵੀਰ ਕੋਲ ਆਇਆ। ਬਹੁਤ ਹੀ ਪਿਆਰ ਨਾਲ ਉਸ ਨੇ ਮਹਾਵੀਰ ਨੂੰ ਉਲਾਭਾਂ ਦਿੰਦੇ ਹੋਏ ਕਿਹਾ, "ਕੁਮਾਰ! ਇਕ ਪੰਛੀ ਵੀ ਆਪਣੀ ਰਹਿਣ ਦੀ ਜਗ੍ਹਾ ਦੀ ਰਾਖੀ ਕਰ ਲੈਂਦਾ ਹੈ। ਆਪ ਤਾਂ ਖੱਤਰੀ ਰਾਜਕੁਮਾਰ ਹੋ ਆਪ ਨੂੰ ਆਪਣੇ ਰਹਿਣ ਦੀ ਜਗ੍ਹਾ ਦੀ ਰਾਖੀ ਜ਼ਰੂਰ ਕਰਨੀ ਚਾਹਿਦੀ ਹੈ"। ਮਹਾਵੀਰ ਨੇ ਅੱਖਾਂ ਖ੍ਹੋਲੀਆਂ ਅਤੇ ਬੋਲੇ ਫਿਰ ਮੈਂ ਆਪ ਨੂੰ ਸ਼ਿਕਾਇਤ ਦਾ ਮੌਕਾ ਨਹੀਂ ਮਿਲੇਗਾ।

ਮਹਾਵੀਰ ਨੇ ਸੋਚਿਆ ਝੌਂਪੜੀ ਦੀ ਰੱਖਿਆ ਕਾਰਨ ਕਿ ਆਤਮਾ ਦੀ ਖੋਜ ਨੂੰ ਭੁੱਲਣਾ ਪਏਗਾ? ਆਤਮ ਖੋਜ ਮੇਰਾ ਟੀਚਾ ਹੈ। ਇਸ ਟੀਚੇ ਦੀ ਸੱਚਾਈ ਦੇ ਲਈ ਮੈਂ ਆਸ਼ਰਮ ਦੇ ਬੰਧਨ ਤੋਂ ਮੁਕਤ ਹੋਵਾਂਗਾ। ਇਸ ਸੰਕਲਪ ਦੇ ਨਾਲ ਮਹਾਵੀਰ ਆਸ਼ਰਮ ਤੋਂ ਚੱਲ ਪਏ। ਚੱਲਦੇ ਹੋਏ ਮਹਾਵੀਰ ਨੇ ਪੰਜ ਪ੍ਰਤਿਗਿਆ ਧਾਰਨ ਕੀਤੀਆਂ।

1. ਮੈਂ ਬੇਇਜਤੀ ਵਾਲੇ ਸਥਾਨ ਪਰ ਨਹੀਂ ਰਹਾਂਗਾ।
2. ਮੈਂ ਭੋਜਨ ਤੇ ਚੱਲਣ ਤੋਂ ਇਲਾਵਾ ਬਾਕੀ ਸਮਾਂ ਧਿਆਨ ਵਿੱਚ ਰਹਾਂਗਾ।

3. ਹਮੇਸ਼ਾ ਮੋਨ (ਚੁੱਪ) ਰੱਖਾਂਗਾ।
4. ਹੱਥ ਵਿੱਚ ਭੋਜਨ ਕਰਾਂਗਾ।
5. ਗ੍ਰਹਿਸਥ ਦੀ ਮਿਨਤ ਨਹੀਂ ਕਰਾਂਗਾ।

ਚੌਮਾਸੇ ਦੇ ਪੰਦਰਾਂ ਦਿਨ ਮਹਾਵੀਰ ਦੂਈਜੰਤ ਦੇ ਆਸ਼ਰਮ ਵਿੱਚ ਗੁਜਾਰੇ, ਬਾਕੀ ਸਮਾਂ ਆਸਿਥਕ ਗਰਾਮ ਦੇ ਕੋਲ ਸ਼ੂਲਪਾਨੀ ਯਕਸ਼ ਦੇ ਮੰਦਿਰ ਵਿੱਚ ਬਿਤਾਇਆ।

## ਸ਼ੂਲਪਾਨੀ ਯਕਸ਼ ਨੂੰ ਅਹਿੰਸਾ ਦਾ ਪਾਠ ਪੜ੍ਹਾਉਣਾ:

ਸ਼ੂਲਪਾਨੀ ਦੇ ਮੰਦਿਰ ਵਿੱਚ ਪਹੁੰਚਦਿਆਂ ਹੀ ਮਹਾਵੀਰ ਨੇ ਮੰਦਿਰ ਦੇ ਪੁਜਾਰੀ ਤੋਂ ਉੱਥੇ ਰਹਿਣ ਦੀ ਆਗਿਆ ਮੰਗੀ। ਉਸ ਸਮੇਂ ਕੁੱਝ ਹੋਰ ਪੇਂਡੂ ਵੀ ਉਸ ਮੰਦਿਰ ਵਿੱਚ ਮੌਜੂਦ ਸਨ। ਪੁਜਾਰੀ ਤੇ ਪੇਂਡੂਆਂ ਨੇ ਕਿਹਾ, "ਸ਼੍ਰਮਣ! ਮੰਦਿਰ ਵਿੱਚ ਤਾਂ ਤੁਸੀ ਖੁਸ਼ੀ ਨਾਲ ਠਹਿਰ ਸਕਦੇ ਹੋ ਪਰ ਸਾਡੀ ਬੇਨਤੀ ਹੈ ਕਿ ਰਾਤ ਤੁਸੀ ਇੱਥੇ ਨਾ ਠਹਿਰੋ, ਇਹ ਸੂਲਪਾਨੀ ਯਕਸ ਦਾ ਮੰਦਿਰ ਹੈ। ਸ਼ੂਲਪਾਨੀ ਇਕ ਕਰੋਧੀ ਯਕਸ਼ ਹੈ, ਉਸ ਨੇ ਹਜ਼ਾਰਾਂ ਲੋਕਾਂ ਨੂੰ ਮਾਰ ਦਿਤਾ ਹੈ। ਜਦ ਤੋਂ ਅਸੀਂ ਇਸ ਯਕਸ਼ ਦੇ ਮੰਦਿਰ ਦਾ ਨਿਰਮਾਣ ਕਰਕੇ ਇਸ ਯਕਸ਼ ਦੀ ਪੂਜਾ ਕਰਨੀ ਸ਼ੁਰੂ ਕੀਤੀ ਹੈ ਉਸੇ ਸਮੇਂ ਤੋਂ ਹੀ ਉਸ ਦਾ ਕਰੋਧ ਕੁੱਝ ਸ਼ਾਂਤ ਹੋਇਆ ਹੈ। ਪਰ ਅੱਜ ਵੀ ਉਹ ਕਿਸੇ ਨੂੰ ਮੰਦਿਰ ਵਿੱਚ ਰਹਿਣ ਨਹੀਂ ਦਿੰਦਾ ਜੋ ਵੀ ਇੱਥੇ ਰਾਤ ਠਹਿਰਦਾ ਹੈ। ਉਹ ਸਵੇਰ ਨੂੰ ਮਰਿਆ ਹੋਇਆ ਮਿਲਦਾ ਹੈ"।

ਮਹਾਵੀਰ ਨੇ ਸਾਰੀ ਗੱਲ ਸੁਣੀ ਉਹਨਾਂ ਸੋਚਿਆ, ਕਿ ਨਿਡਰ ਸਾਧਕ ਨੂੰ ਡਰ ਦੇ ਸਾਹਮਣੇ ਸਿਰ ਨਹੀਂ ਝੁਕਾਉਣਾ ਚਾਹਿਦਾ। ਨਿਡਰਤਾ ਹੀ ਅਹਿੰਸਾ ਦੀ ਭੂਮੀ ਹੈ। ਅਹਿੰਸਾ ਦੀ ਭੂਮੀ ਤਲਾਸ ਕਰਨ ਲਈ ਮੈਨੂੰ ਨਿਡਰਤਾ ਦੇ ਸਿੱਖਰ ਤੇ ਚੜ੍ਹਨਾ ਚਾਹਿਦਾ ਹੈ। ਇਸ ਸੰਕਲਪ ਦੇ ਨਾਲ ਮਹਾਵੀਰ ਨੇ ਕਿਹਾ, "ਮੇਰੇ ਨਿਵਾਸ ਦੇ ਲਈ ਇਹ ਮੰਦਿਰ ਉਚਿੱਤ ਹੈ, ਮੈਂ ਇੱਥੇ ਰਹਿਕੇ ਹੀ ਸਾਧਨਾ ਕਰਾਂਗਾ"।

ਚਿੱਤ ਵਿੱਚ ਸ਼ੱਕ ਲੈ ਕੇ ਪੇਂਡੂ ਵਾਪਸ ਆ ਗਏ। ਮਹਾਵੀਰ ਸ਼ਾਂਤ ਸਥਾਨ ਤੇ ਧਿਆਨ ਵਿੱਚ ਲੀਨ ਹੋ ਗਏ। ਰਾਤ ਦੇ ਵੱਧਣ ਨਾਲ ਹੀ ਮਹਾਵੀਰ ਦੀ ਆਤਮ ਧਿਆਨ ਲੀਨਤਾ ਵੀ ਗੂੜੀ ਹੁੰਦੀ ਗਈ। ਅੱਧੀ ਰਾਤ ਨੂੰ ਅਚਾਨਕ ਹੀ ਮੰਦਿਰ ਦਾ ਵੇਹੜਾ ਭਿਅੰਕਰ ਆਵਾਜ ਨਾ ਗੂੰਜ ਉਠਿਆ, ਇਹ ਸੂਲਪਾਨੀ ਯਕਸ ਦੀ ਆਵਾਜ ਸੀ। ਇਸ ਭਿਅੰਕਰ ਆਵਾਜ ਵਿੱਚ ਵੀ ਨਿਡਰ ਸ਼੍ਰਮਣ ਨੂੰ ਵੇਖ ਕੇ ਸ਼ੂਲਪਾਨੀ ਦਾ ਕਰੋਧ ਚਿੰਗਾਰੀਆਂ ਵਿੱਚ ਬਦਲ ਗਿਆ। ਉਸ ਨੇ ਸੱਪ ਬਣਕੇ ਮਹਾਵੀਰ ਨੂੰ ਡੱਸਿਆ, ਸ਼ੇਰ ਬਣਕੇ ਮਹਾਵੀਰ ਤੇ ਹਮਲਾ ਕੀਤਾ, ਹਾਥੀ ਦਾ ਰੂਪ ਬਣਾਇਆ। ਭੂਤ ਪਿਸ਼ਾਚ ਬਣਕੇ ਮਹਾਵੀਰ ਨੂੰ ਧਿਆਨ ਤੋਂ ਗਿਰਾਉਣਾ ਚਾਹਿਆ ਪਰ ਜੋ ਆਪ ਹੀ ਆਤਮ ਰੂਪੀ ਮਹਿਲ

ਵਿਚ ਸੁਰੱਖਿਅਤ ਹੈ। ਉਸ ਨੂੰ ਹੋਰ ਕਿਸੇ ਕੰਧ ਦੀ ਕੀ ਜ਼ਰੂਰਤ ਹੈ? ਆਖਰ ਵਿੱਚ ਯਕਸ਼ ਝੁੱਕ ਗਿਆ। ਉਹ ਡਰਿਆ ਹੋਇਆ, ਮਹਾਵੀਰ ਤੋਂ ਅਪਣੇ ਮਾੜੇ ਵਰਤਾਉ ਲਈ ਖਿਮਾ ਮੰਗਣ ਲੱਗਾ। ਮਹਾਵੀਰ ਨੇ ਉਸ ਨੂੰ ਅਹਿੰਸਾ ਅਤੇ ਰਹਿਮ ਦਾ ਮੰਤਰ ਦਿੱਤਾ। ਜਿਸ ਨੂੰ ਪਾ ਕੇ ਯਕਸ਼ ਦੇਵਤਾ ਬਣ ਗਿਆ। ਸਵੇਰ ਨੂੰ ਮਹਾਵੀਰ ਨੂੰ ਠੀਕ ਧਿਆਨ ਵਿੱਚ ਵੇਖ ਕੇ ਪੇਂਡੂ ਖੁਸ਼ੀ ਨਾਲ ਭਰ ਗਏ। ਉਸ ਦਿਨ ਤੋਂ ਉਹ ਜਗ੍ਹਾ ਸੁਰੱਖਿਅਤ ਹੋ ਗਈ।

## ਸੱਪ ਨੂੰ ਅੰਮ੍ਰਿਤ ਦਾ ਦਾਨ:

ਮਹਾਵੀਰ ਦੀ ਤੱਪਸਿਆ ਦਾ ਦੂਸਰਾ ਸਾਲ। ਮਹਾਵੀਰ ਦੱਖਣ ਵਾਚਾਲਾ ਤੋਂ ਉੱਤਰ ਵਾਚਾਲਾ ਵੱਲ ਜਾ ਰਹੇ ਸਨ, ਉੱਥੇ ਜਾਣ ਦੇ ਦੋ ਰਸਤੇ ਸਨ ਇਕ ਰਸਤਾ ਕਨਖਲ ਆਸ਼ਰਮ ਦੇ ਵਿੱਚੋ ਹੋ ਕੇ ਜਾਂਦਾ ਸੀ, ਜੋ ਕਿ ਘੱਟ ਫਾਸਲੇ ਵਾਲਾ ਸੀ ਅਤੇ ਦੂਸਰਾ ਰਾਹ ਲੰਬਾ ਸੀ ਅਤੇ ਘੁਮਾਦਾਰ ਸੀ। ਕਨਖਲ ਆਸ਼ਰਮ ਦੇ ਵਿੱਚੋ ਜਾਣ ਵਾਲਾ ਰਾਹ ਸਾਲਾਂ ਤੋਂ ਬੰਦ ਪਿਆ ਸੀ। ਲੋਕ ਲੰਬੇ ਰਾਹ ਵਿੱਚੋਂ ਜਾਂਦੇ ਸਨ। ਕਨਖਲ ਆਸ਼ਰਮ ਵਾਲੇ ਰਾਹ ਦੇ ਰੁਕਣ ਦੇ ਪਿੱਛੇ ਇਕ ਕਹਾਣੀ ਹੈ। ਕਈ ਸਾਲ ਪਹਿਲਾਂ ਉਸ ਆਸ਼ਰਮ ਵਿੱਚ ਕੌਸਿਕ ਨਾਂ ਦਾ ਇਕ ਤਪੱਸਵੀ ਰਹਿੰਦਾ ਸੀ। ਉਸ ਨੇ ਆਸ਼ਰਮ ਦੇ ਪਿੱਛੇ ਫੁਲਾਂ ਦੀ ਫੁਲਵਾੜੀ ਲਗਾਈ ਹੋਈ ਸੀ। ਉਸ ਫੁਲਵਾੜੀ ਵਿੱਚ ਅਨੇਕਾਂ ਦਰਖਤ ਤੇ ਪੌਦੇ ਸਨ ਜੋ ਫੁੱਲਾਂ ਨਾਲ ਲੱਦੇ ਰਹਿੰਦੇ ਸਨ। ਉਸ ਆਸ਼ਰਮ ਤੇ ਬਾਗ ਦੇ ਪ੍ਰਤੀ ਕੌਸਿਕ ਨੂੰ ਬਹੁਤ ਮੋਹ ਸੀ ਕੋਈ ਬੱਚਾ ਜਾਂ ਪੁਰਸ਼ ਉਸ ਦੇ ਬਾਗ ਵਿੱਚ ਪ੍ਰਵੇਸ਼ ਕਰਦਾ ਤਾਂ ਉਹ ਗੁੱਸੇ ਹੋ ਕੇ ਉਸ ਦੇ ਪਿੱਛੇ ਡੰਡਾ ਲੈ ਕੇ ਭੱਜਦਾ ਸੀ। ਕਈ ਵਾਰ ਚੋਰੀ ਛੁੱਪੇ ਗਵਾਲੀਆਂ ਦੇ ਬੱਚੇ ਉਸ ਦੇ ਬਾਗ ਵਿੱਚੋਂ ਫੱਲ, ਫੁਲ ਚੋਰੀ ਕਰ ਲੈਂਦੇ ਸਨ, ਤਾਂ ਉਹ ਉਹਨਾਂ ਤੇ ਬਹੁਤ ਕਰੋਧਤ ਹੁੰਦਾ ਸੀ। ਕਿਸੇ ਸਮੇਂ ਉਸ ਬਾਗ ਵਿੱਚੋਂ ਕੁੱਝ ਬਾਲਕ ਫਲ ਲੈਣ ਲਈ ਆਏ ਕੋਸਿਕ ਚੰਡ ਰੂਪ ਧਾਰਨ ਕਰਕੇ ਅਤੇ ਹੱਥ ਵਿੱਚ ਡੰਡਾ ਲੈ ਕੇ ਉਹਨਾਂ ਨੂੰ ਮਾਰਨ ਲਈ ਭੱਜਿਆ। ਉਹ ਇਤਨਾ ਕਰੋਧੀ ਹੋ ਗਿਆ ਸੀ ਕਿ ਉਸ ਨੂੰ ਰਾਹ ਵਿੱਚ ਡੂੰਗਾ ਟੋਆ ਵੀ ਵਿਖਾਈ ਨਹੀਂ ਦਿਤਾ। ਉਹ ਟੋਏ ਵਿੱਚ ਗਿਰ ਗਿਆ ਅਤੇ ਕੋਈ ਉਸ ਨੂੰ ਬਾਹਰ ਕੱਢਣ ਲਈ ਨਾ ਆਇਆ। ਬੁਢਾਪੇ ਅਤੇ ਜਖਮੀ ਹੋਣ ਕਾਰਣ ਕਰੋਧ ਅਤੇ ਤੇਜ ਕਸਾਏ (ਕਰੋਧ, ਮਾਨ, ਮਾਇਆ, ਲੋਭ) ਦੀ ਅੱਗ ਵਿੱਚ ਜਲ ਕੇ ਉਹ ਮਰ ਗਿਆ।

ਮਰ ਕੇ ਕੋਸ਼ਿਕ ਨੇ ਉਸੇ ਬਾਗ ਵਿੱਚ ਦਰਿਸ਼ਟੀ ਵਿਸ਼ ਸੱਪ (ਉਹ ਸਪ ਜਿਸ ਦੀ ਅੱਖ ਵਿੱਚ ਜ਼ਹਿਰ ਹੋਵੇ) ਬਣਿਆ। ਕਿਸੇ ਸਮੇਂ ਬਾਗ ਵਿੱਚ ਘੁੰਮਦੇ ਹੋਏ ਉਸ ਨੂੰ ਪਿਛਲੇ ਜਨਮ ਦਾ ਗਿਆਨ ਹੋ ਗਿਆ। ਪਿਛਲੇ ਜਨਮ ਦੀਆਂ ਘਟਨਾਵਾਂ ਵੇਖ ਕੇ ਉਸ ਦੇ ਅੰਗ ਅੰਗ ਵਿੱਚ ਕਰੋਧ ਜਾਗ

ਪਿਆ। ਉਹ ਉਸ ਰਾਹ ਤੇ ਆਉਣ ਵਾਲੇ ਲੋਕਾਂ ਦਾ ਦੁਸ਼ਮਣ ਬਣ ਗਿਆ। ਜਿਸ ਤੇ ਵੀ ਉਹ ਕਰੋਧੀ ਹੋ ਕੇ ਨਜਰ ਪਾਉਂਦਾ ਉਹ ਉਸੇ ਸਮੇਂ ਭਸਮ ਹੋ ਜਾਂਦਾ। ਬਹੁਤ ਸਾਰੇ ਲੋਕਾਂ ਨੂੰ ਉਸ ਨੇ ਮਾਰ ਦਿਤਾ। ਉਸ ਦੇ ਫੁੰਕਾਰ ਦੀ ਅੱਗ ਨਾਲ ਹਰੇ ਭਰੇ ਜੰਗਲ ਵੀ ਨਸ਼ਟ ਹੋ ਗਏ ਸਨ। ਲੋਕਾਂ ਨੇ ਉਸ ਰਾਹ ਉੱਪਰ ਆਉਣਾ ਜਾਣਾ ਬੰਦ ਕਰ ਦਿੱਤਾ।

ਮਹਾਵੀਰ ਨੇ ਜਾਣ ਦੇ ਲਈ ਕਨਖਲ ਆਸ਼ਰਮ ਦੇ ਅੰਦਰ ਵਾਲਾ ਰਾਹ ਚੁਨਿਆ, ਜਿਉਂ ਹੀ ਮਹਾਵੀਰ ਨੇ ਉਸ ਰਾਹ ਤੇ ਪੈਰ ਵਧਾਏ, ਗਵਾਲਿਆਂ ਨੇ ਮਹਾਵੀਰ ਨੂੰ ਉਸ ਰਾਹ ਤੇ ਜਾਣ ਤੋਂ ਰੋਕਿਆ ਅਤੇ ਚੰਡ ਕੋਸ਼ਿਕ ਦੀ ਸਾਰੀ ਕਹਾਣੀ ਸੁਣਾਈ।

ਕਹਾਣੀ ਸੁਣ ਕੇ ਮਹਾਵੀਰ ਦੇ ਹਿਰਦੇ ਵਿੱਚ ਇਕ ਪਲ ਲਈ ਵੀ ਡਰ ਦੀ ਤਰੰਗ ਨਾ ਉਠੀ, ਉਹ ਤਾਂ ਨਿਡਰ ਸਾਧਕ ਸਨ। ਉਹਨਾਂ ਇਸੇ ਨੂੰ ਅਪਣੀ ਪ੍ਰੀਖਿਆ ਦਾ ਸੁਨਹਿਰੀ ਮੌਕਾ ਮੰਨਿਆਂ। ਮਹਾਵੀਰ ਉਸ ਰਾਹ ਤੇ ਅੱਗੇ ਵੱਧੇ ਆਸ਼ਰਮ ਵਿੱਚ ਪਹੁੰਚ ਕੇ ਮਹਾਵੀਰ ਉੱਥੇ ਧਿਆਨ ਲੀਨ ਹੋ ਕੇ ਕਾਯੋਤਸਰਗ ਮੁਦਰਾ ਵਿੱਚ ਖੜ੍ਹੇ ਹੋ ਗਏ। ਕੁੱਝ ਸਮੇਂ ਬਾਅਦ ਚੰਡ ਕੋਸ਼ਿਕ ਸੱਪ ਉੱਥੇ ਆਇਆ। ਅੱਜ ਉਸ ਨੇ ਬਹੁਤ ਦਿਨਾਂ ਬਾਅਦ ਕਿਸੇ ਮਨੁੱਖ ਨੂੰ ਵੇਖਿਆ ਸੀ। ਮਨੁੱਖ ਨੂੰ ਵੇਖਦੇ ਹੀ ਉਹ ਗੁੱਸੇ ਨਾਲ ਭਰ ਗਿਆ। ਅਪਣੀ ਜ਼ਹਿਰੀਲੀ ਅੱਖ ਨਾਲ ਉਸ ਨੇ ਮਹਾਵੀਰ ਨੂੰ ਵੇਖਿਆ। ਪਰ ਮਹਾਵੀਰ ਪਰ ਉਸ ਦਾ ਇਹ ਹਥਿਆਰ ਵੀ ਨਹੀਂ ਚੱਲਿਆਂ। ਮਹਾਵੀਰ ਦਾ ਇਕ ਰੋਮ ਵੀ ਨਾ ਕੰਬਿਆਂ। ਉਸ ਨੇ ਮਹਾਵੀਰ ਤੇ ਫੁੰਕਾਰਾਂ ਦੀ ਝੜੀ ਲਗਾ ਦਿਤੀ। ਉਸਦੀ ਫੁੰਕਾਰ ਦੇ ਜ਼ਹਿਰ ਤੋਂ ਅੱਗ ਪੈਦਾ ਹੋ ਗਈ ਪਰ ਉਹ ਅਮ੍ਰਿਤ ਪੁਰਸ਼ ਮਹਾਵੀਰ ਨੂੰ ਅਪਣੇ ਧਿਆਨ ਤੋਂ ਡਿਗਾ ਨਾ ਸਕੀ। ਚੰਡ ਕੋਸ਼ਿਕ ਕਰੋਧ ਦਾ ਸਪਸ਼ਟ ਰੂਪ ਬਣ ਗਿਆ। ਉਸ ਨੇ ਅਪਣੇ ਸਾਰੇ ਜ਼ਹਿਰ ਨੂੰ ਅਪਣੇ ਦੰਦਾਂ ਵਿੱਚ ਇੱਕਠਾ ਕਰਕੇ ਮਹਾਵੀਰ ਦੇ ਪੈਰ ਤੇ ਡੰਗ ਮਾਰਿਆ। ਪਰ ਮਹਾਵੀਰ ਅਪਣੇ ਧਿਆਨ ਵਿੱਚ ਸਥਿਰ ਰਹੇ। ਤੱਦ ਉਸ ਨੇ ਮਹਾਵੀਰ ਦੇ ਪੈਰ ਅਤੇ ਸਰੀਰ ਤੇ ਲਿਪਟ ਕੇ ਗਲੇ ਤੇ ਡੰਗ ਮਾਰਿਆ। ਜਿਵੇਂ ਅੰਮ੍ਰਿਤ ਦੇ ਖੀਰ ਸਮੁੰਦਰ ਵਿੱਚ ਜਿਵੇਂ ਕੁੱਝ ਜ਼ਹਿਰ ਦੇ ਕਣ ਖਤਮ ਹੋ ਜਾਂਦੇ ਹਨ, ਉਸੇ ਪ੍ਰਕਾਰ ਚੰਡ ਕੋਸ਼ਿਕ ਦਾ ਹਰ ਵਾਰ ਬੇਕਾਰ ਗਿਆ। ਹੁਣ ਚੰਡ ਕੋਸ਼ਿਕ ਥੱਕ ਚੁਕਾ ਸੀ, ਉਹ ਮਹਾਵੀਰ ਨੂੰ ਇਕ ਟੱਕੀ ਲਗਾ ਕੇ ਧਿਆਨ ਨਾਲ ਵੇਖਣ ਲੱਗਾ। ਮਹਾਵੀਰ ਦੀ ਧਿਆਨ ਮੁਦਰਾ ਅਤੇ ਰੋਮ ਰੋਮ ਵਿੱਚ ਵਰਸਦੇ ਪਿਆਰ ਦੇ ਬੱਦਲਾਂ ਨਾਲ ਚੰਡ ਕੋਸ਼ਿਕ ਦਾ ਜ਼ਹਿਰ ਧੁਲ ਗਿਆ। ਉਸ ਦਾ ਗਿਆਨ ਸਮਿੱਅਕ ਗਿਆਨ ਵਿੱਚ ਬਦਲ ਗਿਆ। ਰਾਹ ਤੋਂ ਭਟਕੇ ਸੱਪਾਂ ਦੇ ਰਾਜੇ ਨੇ ਮਹਾਵੀਰ ਦੇ ਚਰਨਾ ਵਿੱਚ ਝਿੱਛ ਕੇ ਪ੍ਰਾਸਚਿਤ ਕੀਤਾ।

ਦੂਰ ਦਰਖਤਾਂ ਤੇ ਬੈਠੇ ਗਵਾਲਿਆਂ ਦੇ ਬੱਚੇ ਇਹ ਸਾਰਾ ਨਜਾਰਾ ਵੇਖ ਰਹੇ ਸਨ। ਸੱਪ ਨੂੰ ਸ਼੍ਰਮਣ ਦੇ ਕਦਮਾ ਵਿੱਚ ਝੁਕਿਆਂ ਵੇਖ ਕੇ ਉਹਨਾਂ ਦੂਰ ਦੂਰ ਤੱਕ ਇਸ ਘਟਨਾ ਦਾ ਪ੍ਰਚਾਰ ਕਰ

ਦਿਤਾ, ਕਿ ਕਨਖਲ ਆਸ਼ਰਮ ਦੇ ਅੰਦਰ ਦਾ ਰਾਹ ਇਕ ਸ਼੍ਰਮਣ ਦੀ ਕ੍ਰਿਪਾ ਨਾਲ ਰੁਕਾਵਟ ਰਹਿਤ ਹੋ ਗਿਆ ਹੈ। ਮਹਾਵੀਰ ਉੱਥੇ ਪੰਦਰਾਂ ਦਿਨ ਰਹੇ।

ਗੋਸ਼ਾਲਕ:

ਗੋਸ਼ਾਲਕ ਮੰਖ ਜਾਤੀ ਨਾਲ ਸੰਬੰਧ ਰੱਖਣ ਵਾਲਾ ਸੀ। ਉਸ ਦੇ ਪਿਤਾ ਦਾ ਨਾਂ ਮੰਖਲੀ ਅਤੇ ਮਾਤਾ ਦਾ ਨਾਂ ਭੱਦਰਾ ਸੀ। ਗਊਸ਼ਾਲਾ ਵਿੱਚ ਜਨਮ ਲੈਣ ਕਾਰਨ ਉਸ ਦਾ ਨਾਂ ਗੋਸ਼ਾਲਕ ਸੀ। ਉਹ ਲੋਕਾਂ ਨੂੰ ਚਿੱਤਰ ਵਿਖਾਕੇ ਅਪਣੀ ਜਿੰਦਗੀ ਗੁਜਾਰਦਾ ਸੀ।

ਭਗਵਾਨ ਮਹਾਵੀਰ ਦੀ ਸਾਧਨਾ ਦਾ ਦੂਸਰਾ ਸਾਲ ਚਲ ਰਿਹਾ ਸੀ। ਭਗਵਾਨ ਮਹਾਵੀਰ ਨੇ ਨਾਲੰਦਾ ਵਿਖੇ ਚੌਮਾਸਾ ਕੀਤਾ। ਚੌਮਾਸੇ ਦੇ ਦੋਰਾਨ ਉਨ੍ਹਾਂ ਹਰ ਮਹੀਨੇ ਇੱਕ ਇੱਕ ਮਹੀਨੇ ਦੀ ਤਪੱਸੀਆ ਸ਼ੁਰੂ ਕੀਤੀ। ਪਹਿਲੇ ਮਹਿਨੇ ਦੀ ਤੱਪਸੀਆ ਖੋਲ੍ਹਣ ਸਮੇਂ ਉਨ੍ਹਾਂ ਵਿਜੈ ਸੇਠ ਦੇ ਘਰੋਂ ਭਿਖਿਆ ਪ੍ਰਾਪਤ ਕੀਤੀ। ਭਗਵਾਨ ਮਹਾਵੀਰ ਦੇ ਪਾਰਨੇ ਤੋਂ ਖੁਸ਼ ਹੋ ਕੇ ਦੇਵਤਿਆਂ ਨੇ ਖੁਸੀ ਵਿੱਚ ਦਾਨ ਦੀ ਪ੍ਰਸ਼ੰਸਾ ਕਰਦੇ ਹੋਏ ਅਹੋਦਾਨ ਅਹੋਦਾਨ ਆਖਿਆ ਅਤੇ ਸੇਠ ਦੇ ਘਰ ਪੰਜ ਦਰਵਾਂ ਦੀ ਵਰਖਾ ਕੀਤੀ।

ਸ਼ਹਿਰ ਦੇ ਲੋਕਾਂ ਨੇ ਵਿਜੈ ਸੇਠ ਦੇ ਭਾਗ ਦੀ ਬਹੁਤ ਪ੍ਰਸ਼ੰਸਾ ਕੀਤੀ। ਗੋਸ਼ਾਲਕ ਉਸ ਸਮੇਂ ਨਾਲੰਦਾ ਨਗਰੀ ਵਿੱਚ ਹੀ ਸੀ। ਉਸ ਨੇ ਸਾਰੀ ਘਟਨਾ ਨੂੰ ਅਪਣੀਆਂ ਅੱਖਾਂ ਨਾਲ ਵੇਖਿਆ ਸੀ। ਉਸ ਨੂੰ ਵਿਸ਼ਵਾਸ ਹੋ ਗਿਆ ਕਿ ਇਹ ਸ਼੍ਰਮਣ ਕੋਈ ਆਮ ਸ਼੍ਰਮਣ ਨਹੀਂ ਹੈ। ਉਸ ਨੇ ਸੋਚਿਆ ਕਿ ਜੇ ਮੈਂ ਇਹਨਾਂ ਦਾ ਚੇਲਾ ਬਣ ਜਾਵਾਂ ਤਾਂ ਮੇਰੀ ਰੋਜੀ ਰੋਟੀ ਦੀ ਸੱਮਸਿਆ ਹੱਲ ਹੋ ਜਾਵੇਗੀ। ਉਹ ਭਗਵਾਨ ਮਹਾਵੀਰ ਦੇ ਕੋਲ ਆਇਆ ਉਸ ਨੇ ਭਗਵਾਨ ਮਹਾਵੀਰ ਨੂੰ ਅਪਣਾ ਚੇਲਾ ਬਣਾਉਨ ਦੀ ਬੇਨਤੀ ਕੀਤੀ। ਭਗਵਾਨ ਮਹਾਵੀਰ ਦਾ ਚਿੰਤਨ ਵੱਖਰਾ ਸੀ। ਉਹ ਪੂਰਨਤਾ ਹਾਸਲ ਕੀਤੇ ਬਿਨ੍ਹਾ ਕਿਸੇ ਨੂੰ ਚੇਲਾ ਬਣਾਉਨਾ ਨਹੀਂ ਚਾਹੁੰਦੇ ਸਨ। ਸਿੱਟੇ ਵਜੋਂ ਭਗਵਾਨ ਨੇ ਗੋਸ਼ਾਲਕ ਦੀ ਬੇਨਤੀ ਦਾ ਕੋਈ ਉੱਤਰ ਨਹੀਂ ਦਿੱਤਾ। ਭਗਵਾਨ ਮਹਾਵੀਰ ਦੇ ਹਰ ਮਹੀਨੇ ਦੇ ਪਾਰਨੇ ਸਮੇਂ ਦੇਵਤਿਆਂ ਨੇ ਪੰਜ ਦ੍ਰਵ ਪ੍ਰਗਟ ਕੀਤੇ। ਗੋਸ਼ਾਲਕ ਦੇ ਮਨ ਵਿੱਚ ਭਗਵਾਨ ਦਾ ਪ੍ਰਭਾਵ ਬਹੁਤ ਵਿਸ਼ਾਲ ਬਣ ਗਿਆ। ਉਹ ਭਗਵਾਨ ਦੇ ਨਾਲ ਨਾਲ ਰਹਿਣ ਲੱਗਾ। ਉਸ ਨੇ ਕਈ ਵਾਰ ਭਗਵਾਨ ਨੂੰ ਬੇਨਤੀ ਕੀਤੀ ਕਿ ਉਸ ਨੂੰ ਚੇਲਾ ਬਣਾ ਲੈਣ। ਭਗਵਾਨ ਮਹਾਵੀਰ ਨੇ ਕੋਈ ਸਹਿਮਤੀ ਪ੍ਰਗਟ ਨਹੀਂ ਕੀਤੀ।

ਗੋਸ਼ਾਲਕ ਆਪਣੇ ਸੁਭਾਵ ਤੋਂ ਬੜਾ ਸਰਾਰਤੀ ਅਤੇ ਚੰਚਲ ਚਿਤ ਵਾਲਾ ਵਿਅਕਤੀ ਸੀ। ਅਨੇਕਾਂ ਸਮੇਂ ਉਸ ਨੇ ਭਗਵਾਨ ਮਹਾਵੀਰ ਦੀ ਸਰਵਗਤਾ ਦੀ ਪ੍ਰੀਖਿਆ ਲੈਣੀ ਚਾਹੀ ਅਨੇਕਾਂ ਵਾਰ ਉਸ ਨੇ

ਭਗਵਾਨ ਮਹਾਵੀਰ ਦੇ ਵਚਨ ਨੂੰ ਝੂਠਾ ਸਿੱਧ ਕਰਨ ਦੀ ਕੋਸ਼ਿਸ ਕੀਤੀ, ਉਸ ਨੂੰ ਸ਼ਫਲਤਾ ਨਹੀਂ ਮਿਲੀ। ਹਰ ਵਾਰ ਭਗਵਾਨ ਮਹਾਵੀਰ ਦੇ ਵਚਨ ਅੱਖਰ ਅੱਖਰ ਸੱਚੇ ਸਿੱਧ ਹੋਏ। ਇਸ ਗੱਲ ਤੋਂ ਪ੍ਰਭਾਵਤ ਹੋ ਕੇ ਗੋਸ਼ਾਲਕ ਨਿਯਤੀਵਾਦ (ਹੋਣੀ ਬਲਵਾਨ ਹੈ ਅਤੇ ਪਹਿਲਾਂ ਤੋਂ ਹੀ ਨਿਸ਼ਚਿਤ ਹੈ, ਕਿਸੇ ਵੀ ਕੰਮ ਲਈ ਮੇਹਨਤ ਬੇਕਾਰ ਹੈ) ਵਿੱਚ ਵਿਸ਼ਵਾਸ ਕਰਨ ਲੱਗਾ।

ਇਕ ਵਾਰ ਭਗਵਾਨ ਮਹਾਵੀਰ ਨੇ ਕੂਰਮ ਨਾਂ ਦੇ ਪਿੰਡ ਵਿੱਚ ਪਹੁੰਚੇ ਉੱਥੇ ਵੇਸ਼ਿਆਯਨ ਨਾਂ ਦਾ ਤੱਪਸਵੀ ਦਰਖਤ ਤੇ ਉਲਟਾ ਹੋ ਕੇ ਤਪੱਸਿਆ ਕਰ ਰਿਹਾ ਸੀ। ਉਸ ਦੀਆਂ ਵੱਡੀਆਂ ਵੱਡੀਆਂ ਜਟਾਵਾਂ ਸਨ। ਜਿਸ ਵਿੱਚ ਅਸੰਖ ਜੂਆਂ ਪਈਆਂ ਹੋਈਆਂ ਸਨ। ਰਿਸ਼ਿ ਦੇ ਉਲਟਾ ਲਟਕਨ ਕਾਰਨ ਜੂਆਂ ਸਿਰ ਤੋਂ ਨਿਕਲ ਕੇ ਜਮੀਨ ਤੇ ਗਿਰ ਰਹੀਆਂ ਸਨ। ਰਿਸ਼ਿ ਉਹਨਾਂ ਜੂਆਂ ਨੂੰ ਚੁੱਕ ਕੇ ਫਿਰ ਸਿਰ ਵਿੱਚ ਰੱਖ ਲੈਂਦਾ ਸੀ।

ਰਿਸ਼ਿ ਦੀ ਤਪੱਸਿਆ ਵਾਲੀ ਜਗ੍ਹਾ ਤੋਂ ਮਹਾਵੀਰ ਗੁਜਰੇ ਗੋਸ਼ਾਲਕ ਭਗਵਾਨ ਮਹਾਵੀਰ ਦੇ ਪਿੱਛੇ ਪਿੱਛੇ ਚਲ ਰਿਹਾ ਸੀ। ਉਸ ਨੇ ਰਿਸ਼ਿ ਨੂੰ ਜੂਆਂ ਸਿਰ ਵਿੱਚ ਰੱਖਦੇ ਵੇਖਿਆ ਤਾਂ ਉਸ ਦੀ ਸ਼ਰਾਰਤ ਜਾਗ ਪਈ। ਉਸ ਨੇ ਮਜਾਕਿਆਂ ਭਾਸ਼ਾ ਵਿੱਚ ਕਿਹਾ, “ਤੂੰ ਤਪੱਸਵੀ ਹੈਂ, ਜਾਂ ਜੂਆਂ ਨੂੰ ਸਹਾਰਾ ਦੇਣ ਵਾਲਾ?” ਇਹ ਆਖ ਕੇ ਗੋਸ਼ਾਲਕ ਜੋਰ ਜੋਰ ਨਾਲ ਹਸਣ ਲੱਗਾ ਇਸ ਹਰਕਤ ਨੂੰ ਵੇਖ ਕੇ ਰਿਸ਼ਿ ਗੁੱਸੇ ਹੋ ਗਿਆ। ਉਸ ਨੇ ਗੋਸ਼ਾਲਕ ਉੱਪਰ ਤੇਜੋਲੇਸ਼ਿਆ (ਅੱਗ ਲਗਾ ਦੇਣ ਵਾਲੀ ਸ਼ਕਤੀ) ਛੱਡੀ, ਗੋਸ਼ਾਲਕ ਅੱਗ ਦੀਆਂ ਵਿਸ਼ਾਲ ਭਾਂਵੜਾਂ ਵਿੱਚ ਜਲਣ ਲੱਗਾ। ਉਸ ਨੇ ਭਗਵਾਨ ਮਹਾਵੀਰ ਤੋਂ ਅਪਣੀ ਜਾਨ ਬਚਉਣ ਦੀ ਬੇਨਤੀ ਕੀਤੀ। ਭਗਵਾਨ ਮਹਾਵੀਰ ਨੇ ਸ਼ੀਤਲੇਸ਼ਿਆ ਦਾ ਪ੍ਰਯੋਗ ਕਰਕੇ ਗੋਸ਼ਾਲਕ ਦੇ ਪ੍ਰਾਣਾ ਦੀ ਰੱਖਿਆ ਕੀਤੀ।

ਗੋਸ਼ਾਲਕ ਤੇਜੋਲੇਸ਼ਿਆ ਸ਼ਕਤੀ ਤੋਂ ਬਹੁਤ ਪ੍ਰਭਾਵਿਤ ਹੋਇਆ, ਉਸ ਨੇ ਸੋਚਿਆ ਜੇ ਇਹ ਸ਼ਕਤੀ ਮੈਨੂੰ ਮਿੱਲ ਜਾਵੇ ਤਾਂ ਮੈਂ ਸੰਸਾਰ ਵਿੱਚ ਕਿਸੇ ਤੋਂ ਵੀ ਨਹੀਂ ਹਾਰਾਂਗਾ। ਸਾਰੇ ਪਾਸੇ ਮੇਰੀ ਸ਼ਕਤੀ ਦਾ ਗੁਣ ਗਾਣ ਹੋਵੇਗਾ। ਅਜਿਹਾ ਸੋਚ ਕੇ ਉਸ ਨੇ ਭਗਵਾਨ ਮਹਾਵੀਰ ਤੋਂ ਇਸ ਸ਼ਕਤੀ ਨੂੰ ਸਿੱਧ ਕਰਨ ਦਾ ਉਪਾਅ ਪੁਛਿਆ। ਭਗਵਾਨ ਮਹਾਵੀਰ ਨੇ ਸਹਿਜ ਹੀ ਉਸ ਨੂੰ ਤੇਜੋਲੇਸ਼ਿਆ ਪ੍ਰਾਪਤ ਕਰਨ ਦਾ ਉਪਾਅ ਦੱਸ ਦਿੱਤਾ।

ਉਸ ਤੋਂ ਬਾਅਦ ਗੋਸ਼ਾਲਕ ਨੇ ਛੇ ਮਹਿਨੇ ਤੱਕ ਭਗਵਾਨ ਮਹਾਵੀਰ ਰਾਹੀਂ ਦੱਸੀ ਵਿਧੀ ਅਨੁਸਾਰ ਤੱਪ ਕਰਕੇ ਤੇਜੋਲੇਸ਼ਿਆ ਨੂੰ ਪ੍ਰਾਪਤ ਕਰ ਲਿਆ। ਫਿਰ ਉਸ ਨੇ ਕਿਸੇ ਖੂਹ ਤੋਂ ਪਾਣੀ ਭਰਨ ਵਾਲੀ ਔਰਤ ਤੇ ਗੁੱਸਾ ਖਾ ਕੇ ਉਸ ਤੇ ਅਪਣੀ ਸ਼ਕਤੀ ਛੱਡ ਕੇ ਉਸ ਨੂੰ ਭਸਮ ਕਰ ਦਿਤਾ। ਅਜਿਹਾ ਕਰਕੇ ਉਸ ਦਾ ਅਹੰਕਾਰ ਅਸਮਾਨ ਨੂੰ ਛੋਹਨ ਲੱਗਾ। ਉਹ ਅਪਣੇ ਆਪ ਨੂੰ

ਸਰਵ ਸ਼ਕਤੀਮਾਨ ਸਮਝਣ ਲੱਗਾ। ਹੁਣ ਉਸ ਨੂੰ ਭਗਵਾਨ ਮਹਾਵੀਰ ਦੇ ਪਿੱਛੇ ਪਿੱਛੇ ਜਾਣਾ ਬੇਕਾਰ ਜਾਪਨ ਲੱਗਾ। ਫਿਰ ਉਹ ਇਕ ਦਿਨ ਮਹਾਵੀਰ ਤੋਂ ਅਲਗ ਹੋ ਗਿਆ। ਉਸ ਨੇ ਨਿਅਯਤੀਵਾਦ ਨਾਂ ਦਾ ਨਵਾਂ ਫਿਰਕਾ ਸਥਾਪਤ ਕੀਤਾ। 23ਵੇਂ ਤੀਰਥੰਕਰ ਭਗਵਾਨ ਪਾਰਸ਼ਨਾਥ ਦੇ ਕੁੱਝ ਸੰਜਮ ਤੋਂ ਭ੍ਰਿਸ਼ਟ ਸਾਧੂਆਂ ਤੋਂ ਉਸ ਨੇ ਅਸਟਾਂਗ ਜ਼ੋਤਿਸ਼ ਸਿੱਖ ਲਿਆ। ਉਹ ਲੋਕਾਂ ਨੂੰ ਲਾਭ - ਹਾਨੀ, ਸੁੱਖ - ਦੁਖ ਅਤੇ ਜੀਵਨ - ਮੌਤ ਵਾਰੇ ਦੱਸਨ ਲੱਗਾ। ਇਸ ਨਾਲ ਉਸ ਦੀ ਪ੍ਰਸਿੱਧੀ ਛੇਤੀ ਫੈਲ ਗਈ। ਉਹ ਅਪਣੇ ਆਪ ਨੂੰ 24ਵਾਂ ਤੀਰਥੰਕਰ ਵੀ ਆਖਣ ਲੱਗਾ।

## ਸੰਗਮ ਦੀ ਹਾਰ:

ਭਗਵਾਨ ਮਹਾਵੀਰ ਦੇ ਸਾਧਨਾ ਕਾਲ ਦੇ 10ਵੇਂ ਚੌਮਾਸੇ ਸ੍ਰਾਵਸਤੀ ਨਗਰੀ ਵਿੱਚ ਹੋਇਆ। ਚੌਮਾਸਾ ਪੂਰਾ ਹੋਣ ਤੇ ਭਗਵਾਨ ਸਾਨੂਯਸ਼ਟਿਕ ਨਾਂ ਦੇ ਪਿੰਡ ਵਿੱਚ ਪਧਾਰੇ ਉੱਥੇ ਭਗਵਾਨ ਮਹਾਵੀਰ ਨੇ ਸਿਲਸਿਲੇਵਾਰ ਭੱਦਰ, ਮਹਾਂਭੱਦਰ ਅਤੇ ਸਰਵੋਤ ਭੱਦਰ ਨਾਂ ਦੇ ਤੱਪ ਦੀ ਅਰਾਧਨਾ ਕੀਤੀ। ਇੱਥੋਂ ਚੱਲ ਕੇ ਭਗਵਾਨ ਦਰਿੜ ਭੂਮੀ ਦੇ ਪੈਡਾਲ ਪਿੰਡ ਵਿੱਚ ਪਧਾਰੇ। ਪੈਡਾਲ ਪਿੰਡ ਦੇ ਬਾਹਰ ਪੈਡਾਲ ਨਾਂ ਦਾ ਬਾਗ ਵਿੱਚ ਪੋਲਾਸ ਨਾਂ ਚੈਤਯ (ਮੰਦਿਰ) ਵਿੱਚ ਭਗਵਾਨ ਮਹਾਵੀਰ ਨੇ ਮਹਾਂ ਭਿਕਸ਼ੂ ਪ੍ਰਤਿਮਾ ਧਾਰਨ ਕੀਤੀ ਅਤੇ ਧਿਆਨ ਮਗਨ ਹੋ ਗਏ।

ਪੂਰਾ ਬ੍ਰਹਮੰਡ ਭਗਵਾਨ ਮਹਾਵੀਰ ਦੀ ਕਠੋਰ ਸਾਧਨਾ ਨੂੰ ਵੇਖ ਕੇ ਹੈਰਾਨ ਸੀ। ਦੇਵਤਿਆਂ ਦਾ ਰਾਜਾ ਇੰਦਰ ਬਹੁਤ ਖੁਸ਼ ਸੀ। ਇਕ ਦਿਨ ਉਸ ਨੇ ਦੇਵ ਸਭਾ ਵਿੱਚ ਭਗਵਾਨ ਮਹਾਵੀਰ ਦੇ ਕਠੋਰ ਤੱਪ ਅਤੇ ਸਹਿਨਸ਼ੀਲਤਾ ਦੀ ਪ੍ਰਸੰਸਾ ਕੀਤੀ। ਸਾਰੇ ਦੇਵਤਿਆਂ ਨੇ ਸਿਰ ਝੁਕਾ ਕੇ ਭਗਵਾਨ ਮਹਾਵੀਰ ਨੂੰ ਨਮਸਕਾਰ ਕੀਤਾ ਅਤੇ ਇੰਦਰ ਦੀ ਗਲ ਦਾ ਸਮਰਥਨ ਕੀਤਾ। ਪਰ ਸੰਗਮ ਨਾਂ ਦੇ ਇਕ ਦੇਵਤੇ ਮਹਾਵੀਰ ਦੀ ਇਸ ਮਹਿਮਾ ਨੂੰ ਆਪਣੀ ਦੇਵ ਸ਼ਕਤੀ ਲਈ ਇਕ ਚੇਤਾਵਨੀ ਦੇ ਰੂਪ ਵਿੱਚ ਵੇਖਿਆ। ਉਸ ਨੇ ਸੰਕਲਪ ਕੀਤਾ ਕਿ ਉਹ ਛੇਤੀ ਹੀ ਭਗਵਾਨ ਮਹਾਵੀਰ ਨੂੰ ਉਨ੍ਹਾਂ ਦੀ ਸਾਧਨਾ ਤੋਂ ਭਟਕਾ ਕੇ ਮਨੁੱਖ ਉੱਪਰ ਦੇਵਤੇ ਦੀ ਸ਼ਕਤੀ ਦੀ ਜਿੱਤ ਨੂੰ ਸਥਾਪਿਤ ਕਰੇਗਾ।

ਸੰਗਮ ਨੇ ਭਗਵਾਨ ਮਹਾਵੀਰ ਨੂੰ ਧਿਆਨ ਤੋਂ ਗਿਰਾਉਨ ਲਈ ਉਨ੍ਹਾਂ ਨੂੰ ਉਨ੍ਹਾਂ ਦੇ ਧਿਆਨ ਸਥਾਨ ਤੋਂ ਖਿੱਚਕੇ ਬਾਹਰ ਕਰਨ ਲਈ ਜਮੀਨ ਤੇ ਆਇਆ। ਆਉਂਦੇ ਹੀ ਉਸ ਨੇ ਮਹਾਂ ਭਿਕਸ਼ੂ ਪ੍ਰਤਿਮਾ ਦੇ ਧਿਆਨ ਵਿੱਚ ਸਥਿਤ ਮਹਾਵੀਰ ਤੇ ਕਸ਼ਟਾਂ ਦੀ ਬਰਸਾਤ ਕਰ ਦਿਤੀ। ਸ਼ੇਰ, ਚੀਤਾ, ਸੱਪ, ਹਾਥੀ, ਪਿਸ਼ਾਚ ਆਦਿ ਭਿੰਨ ਭਿੰਨ ਰੂਪ ਬਣਾਕੇ ਉਸ ਨੇ ਮਹਾਵੀਰ ਨੂੰ ਡਰਾਉਣ ਦੀ ਕੋਸ਼ਿਸ ਕੀਤੀ। ਪਰ ਜਿਸ ਦੇ ਕੋਲੋ ਡਰ ਵਿਦਾ ਹੋ ਚੁੱਕਾ ਹੈ, ਜੋ ਨਿਡਰ ਹੋ ਚੁੱਕਾ ਹੈ, ਉਹ ਡਰ ਵਿੱਚ ਕਿਵੇਂ

ਪ੍ਰਵੇਸ ਕਰ ਸਕਦਾ ਹੈ? ਸੰਗਮ ਨੇ ਪਹਿਲੀ ਹੀ ਰਾਤ ਵਿੱਚ ਭਗਵਾਨ ਮਹਾਵੀਰ ਨੂੰ ਅਯੋਗ ਤੇ ਯੋਗ ਵਿਧੀ ਪ੍ਰਕਾਰ ਦੇ ਘੋਰ ਕਸ਼ਟ ਦਿਤੇ। ਹਾਥੀ ਬਣਕੇ ਉਸ ਨੇ ਮਹਾਵੀਰ ਨੂੰ ਅਕਾਸ਼ ਵੱਲ ਉਛਾਲ ਦਿਤਾ, ਸ਼ੇਰ ਬਣ ਕੇ ਉਸ ਨੇ ਮਹਾਵੀਰ ਦੀ ਦੇਹ ਨੂੰ ਚੀਰਿਆ, ਸੱਪ ਬਣਕੇ ਉਹਨਾਂ ਦੇ ਸਰੀਰ ਨੂੰ ਡੱਸਿਆ, ਚੂਹੇ, ਬਿਛੂ ਅਤੇ ਕੀੜੀਆਂ ਆਦਿ ਦੇ ਭੋਣ ਦੇ ਭੋਣ ਸਾਹਮਣੇ ਕਰਕੇ ਉਹਨਾਂ ਦੇ ਸਰੀਰ ਨੂੰ ਨੋਚਿਆ। ਮਿੱਟੀ ਨਾਲ ਭਰੀਆਂ ਹਨੇਰੀਆਂ ਚਲਾਈਆਂ ਅਤੇ ਮਹਾਵੀਰ ਦੇ ਅੱਖ ਨੱਕ ਧੂੜ ਨਾਲ ਭਰ ਗਏ। ਇਸ ਸਭ ਕਰਨ ਦੇ ਬਾਵਜੂਦ ਵੀ ਮਹਾਵੀਰ ਨੇ ਅਪਣੀ ਸਮਤਾ ਨੂੰ ਨਾ ਛੱਡਿਆ ਅਤੇ ਸੰਗਮ ਦੇ ਕਿਸੇ ਵੀ ਕਸ਼ਟ ਦਾ ਉਹਨਾਂ ਦੇ ਸਰੀਰ ਤੇ ਪ੍ਰਭਾਵ ਨਾ ਪਿਆ।

ਉਲਟ ਕਸ਼ਟ ਦੇ ਮਹਾਵੀਰ ਦੁੱਖੀ ਨਹੀਂ ਹੋਏ ਤਾਂ ਸੰਗਮ ਨੇ ਯੋਗ ਕਸ਼ਟ ਸਾਹਮਣੇ ਪ੍ਰਗਟ ਕੀਤੇ, ਪਿਤਾ ਮਹਾਰਾਜਾ ਸਿਧਾਰਥ ਅਤੇ ਮਹਾਰਾਣੀ ਤ੍ਰਿਸ਼ਲਾ ਦਾ ਰੂਪ ਧਾਰਨ ਕਰਕੇ ਉਸ ਨੇ ਮਹਾਵੀਰ ਨੂੰ ਬੜੇ ਪਿਆਰ ਨਾਲ ਬੁਲਾਇਆ, ਪਤਨੀ ਯਸ਼ੋਧਾ ਦਾ ਰੂਪ ਧਾਰਨ ਕਰਕੇ ਵਿਲਾਪ ਕੀਤਾ ਪਰ ਮਹਾਵੀਰ ਅਡੋਲ ਰਹੇ। ਧਿਆਨ ਅਤੇ ਸਮਤਾ ਦੀ ਕੋਠਰੀ ਵਿੱਚ ਉਨ੍ਹਾਂ ਅਪਣੇ ਚਿਤ ਨੂੰ ਗਿਰਨ ਨਾ ਦਿਤਾ।

ਹੱਠੀ ਦੇਵਤਾ ਰਾਤ ਭਰ ਹੀ ਕਸ਼ਟ ਦੇ ਕੇ ਨਹੀਂ ਵਾਪਸ ਹੋਇਆ। ਉਹ ਲਗਾਤਾਰ ਮਹਾਵੀਰ ਦਾ ਪਿੱਛਾ ਕਰ ਕਰਕੇ ਕਸ਼ਟ ਅਤੇ ਮੁਸੀਬਤਾਂ ਪੇਸ਼ ਕਰਦਾ ਰਿਹਾ। ਲਗਾਤਾਰ ਛੇ ਮਹੀਨੇ ਤੱਕ ਉਸ ਨੇ ਮਹਾਵੀਰ ਨੂੰ ਯੋਗ ਭੋਜਨ ਪ੍ਰਾਪਤ ਨਾ ਹੋਣ ਦਿਤਾ। ਸੰਗਮ ਦੇਵਤਾ ਨੇ ਕਿੰਨੇ ਹੀ ਵਾਰ ਅਜਿਹੇ ਮੌਕੇ ਪੈਦਾ ਕੀਤੇ ਕਿ ਭਗਵਾਨ ਮਹਾਵੀਰ ਤੇ ਚੋਰ ਅਤੇ ਦੇਸ਼ ਧਰੋਹੀ ਹੋਣ ਦਾ ਇਲਜ਼ਾਮ ਲੱਗੇ। ਭਗਵਾਨ ਮਹਾਵੀਰ ਨੂੰ ਉਸ ਨੇ ਸੂਲੀ ਤੇ ਚੜ੍ਹਾਉਣ ਤੱਕ ਦੀ ਭੂਮਿਕਾ ਵੀ ਤਿਆਰ ਕੀਤੀ। ਪਰ ਛੇ ਮਹੀਨੇ ਦੇ ਲੰਬੇ ਕਸ਼ਟ ਵਿੱਚ ਉਹ ਇਕ ਪਲ ਲਈ ਵੀ ਭਗਵਾਨ ਮਹਾਵੀਰ ਦੀ ਸ਼ਾਂਤੀ, ਸਮਤਾ ਅਤੇ ਖਿਮਾ ਦੀ ਦੀਵਾਰ ਨੂੰ ਤੋੜ ਨਾ ਸਕਿਆ।

ਆਖਿਰ ਸੰਗਮ ਨੂੰ ਵਿਸ਼ਵਾਸ ਹੋ ਗਿਆ ਕਿ ਭਗਵਾਨ ਮਹਾਵੀਰ ਨੂੰ ਧਿਆਨ ਤੋਂ ਨਹੀਂ ਗਿਰਾਇਆ ਜਾ ਸਕਦਾ। ਉਹ ਭਗਵਾਨ ਮਹਾਵੀਰ ਦੇ ਕਦਮਾ ਵਿੱਚ ਝੁਕ ਗਿਆ ਅਤੇ ਅਪਣੇ ਕੀਤੇ ਅਪਰਾਧਾਂ ਦੀ ਖਿਮਾ ਮੰਗਕੇ ਜਾਣ ਲੱਗਾ। ਆਖਦੇ ਹਨ ਉਸ ਸਮੇਂ ਭਗਵਾਨ ਮਹਾਵੀਰ ਦੀਆਂ ਅੱਖਾਂ ਵਿੱਚੋਂ ਹੰਝੂ ਆ ਗਏ।

ਮਹਾਵੀਰ ਦੀਆਂ ਅੱਖਾਂ ਵਿੱਚ ਹੰਝੂ ਵੇਖ ਕੇ ਸੰਗਮ ਹੈਰਾਨ ਹੋ ਗਿਆ। ਉਸ ਨੇ ਆਖਿਆ, "ਭਗਵਾਨ! ਅੱਜ ਤਾਂ ਆਪ ਦੇ ਛੇ ਮਹੀਨੇ ਦੇ ਕਸ਼ਟਾਂ ਦਾ ਅੰਤ ਹੋ ਰਿਹਾ ਹੈ ਇਸ ਸਮੇਂ ਤੁਹਾਡੀਆਂ ਅੱਖਾਂ ਵਿੱਚ ਹੰਝੂ ਕਿਉਂ ਹਨ? ਕਸ਼ਟ ਤੇ ਪੀੜ ਦੇ ਤੁਫਾਨਾ ਵਿੱਚ ਤੁਸੀ ਮੁਸਕਰਾਉਂਦੇ

ਰਹੇ ਅਤੇ ਜਦ ਕਸ਼ਟ ਵਿਦਾ ਹੋ ਰਿਹਾ ਹੈ ਤਾਂ ਤੁਹਾਡੀਆਂ ਅੱਖਾਂ ਵਿੱਚ ਹੰਝੂ ਹਨ? ਕਿਉਂ? ਕਿ ਪੁਰਾਣੀਆਂ ਚੋਟਾਂ ਅਜੇ ਦੁੱਖ ਦੇ ਰਹੀਆਂ ਹਨ?"

ਭਗਵਾਨ ਮਹਾਵੀਰ ਨੇ ਕਿਹਾ, "ਸੰਗਮ! ਮੇਰਾ ਕਸ਼ਟ ਮੈਨੂੰ ਦੁਖੀ ਨਹੀਂ ਬਣਾ ਸਕਦਾ, ਤੇਰੇ ਕਸ਼ਟ ਪੂਰਨ ਭਵਿੱਖ ਵੱਲ ਵੇਖ ਕੇ ਮੇਰੀਆਂ ਅੱਖਾਂ ਵਿੱਚੋਂ ਹੰਝੂ ਆ ਗਏ ਹਨ। ਮੇਰੇ ਕੋਲ ਆਉਣ ਵਾਲੇ ਤਾਂ ਹੰਝੂ ਤੋਂ ਮੁਕਤ ਬਣ ਜਾਂਦੇ ਹਨ। ਪਰ ਮੈਂ ਵੇਖ ਰਿਹਾ ਹਾਂ ਕਿ ਤੁਸੀਂ ਛੇ ਮਹਿਨੇ ਤੱਕ ਮੇਰੇ ਨਾਲ ਰਹਿਕੇ ਵੀ ਹੰਝੂਆਂ ਦਾ ਅਥਾਹ ਸਮੁੰਦਰ ਵਾਪਿਸ ਲੈ ਕੇ ਜਾ ਰਹੇ ਹੋ। ਤੁਹਾਡਾ ਕਸ਼ਟ ਪੂਰਨ ਭੱਵਿਖ ਮੈਨੂੰ ਦੁਖੀ ਕਰ ਰਿਹਾ ਹੈ"।

ਮਹਾਵੀਰ ਦੇ ਹੰਝੂਆਂ ਦੇ ਭੇਦ ਨੂੰ ਜਾਣ ਕੇ ਦੇਵਤਾ ਹੈਰਾਨ ਹੋ ਗਿਆ। ਉਹ ਸੋਚ ਵੀ ਨਹੀਂ ਸਕਦਾ ਸੀ ਕਿ ਕੋਈ ਮਨੁੱਖ ਇਨੀ ਉੱਚਾਈ ਤੇ ਸਥਾਪਿਤ ਹੋ ਸਕਦਾ ਹੈ। ਜੋ ਕਸ਼ਟ ਦਾਤਾ ਦੇ ਕਸ਼ਟ ਦੀ ਕਲਪਨਾ ਤੇ ਹੰਝੂ ਬਹਾ ਸਕਦਾ ਹੈ। ਸੰਗਮ ਭਗਵਾਨ ਮਹਾਵੀਰ ਦੇ ਚਰਨਾ ਵਿੱਚ ਝੁਕ ਗਿਆ ਉਸ ਨੇ ਆਖਿਆ, "ਮਹਾਂ ਸ਼੍ਰਮਣ! ਆਪ ਵੀਰ ਹੀ ਨਹੀਂ ਵੀਰਾਂ ਦੇ ਪਰਮ ਵੀਰ ਹੋ, ਮਹਾਵੀਰ ਹੋ" ਇਹ ਆਖ ਕੇ ਰੋਂਦਾ ਹੋਇਆਂ ਸੰਗਮ ਵਾਪਸ ਹੋ ਗਿਆ।

## ਗੁਲਾਮੀ ਦੀ ਰਸਮ ਦਾ ਵਿਰੋਧ:

ਵਤਸ ਦੇਸ਼ ਦੀ ਰਾਜਧਾਨੀ ਕੋਸ਼ੰਭੀ ਸੀ। ਉਸ ਦੇ ਰਾਜੇ ਦਾ ਨਾਂ ਸਤਾਨਿਕ ਸੀ। ਅੰਗ ਦੇਸ਼ ਦੀ ਰਾਜਧਾਨੀ ਚੰਪਾ ਸੀ। ਉੱਥੇ ਦੇ ਰਾਜੇ ਦਾ ਨਾਂ ਦਧਿਵਾਹਨ ਸੀ। ਦੋਵੇਂ ਰਾਜੇ ਆਪਸ ਵਿੱਚ ਸਾਢੂ ਸਨ। ਪਰ ਦੋਹਾਂ ਰਾਜਿਆਂ ਦੀ ਆਪਸ ਵਿੱਚ ਦੁਸ਼ਮਣੀ ਸੀ। ਕਦੇ ਦਧਿਵਾਹਨ ਨੇ ਸਤਾਨਿਕ ਦਾ ਮਾਨ ਭੰਗ ਕੀਤਾ ਸੀ, ਸਤਾਨਿਕ ਬਦਲਾ ਲੈਣ ਲਈ ਸਮੇਂ ਦੀ ਉਡੀਕ ਵਿੱਚ ਸੀ। ਕਿਸੇ ਸਮੇਂ ਦਧਿਵਾਹਨ ਅਪਣੇ ਕਿਸੇ ਅਧੀਨ ਰਾਜੇ ਦੀ ਲੜਾਈ ਵਿੱਚ ਸਹਾਇਤਾ ਕਰਨ ਲਈ ਗਿਆ। ਦਧਿਵਾਹਨ ਦੀ ਗੈਰਹਾਜ਼ਰੀ ਵਿੱਚ ਸਤਾਨਿਕ ਨੂੰ ਚੰਗਾ ਮੌਕਾ ਮਿਲ ਗਿਆ। ਉਸ ਨੇ ਅਪਣੀ ਵਿਸ਼ਾਲ ਸੈਨਾ ਨਾਲ ਚੰਪਾ ਨਗਰੀ ਤੇ ਹਮਲਾ ਕਰ ਦਿਤਾ। ਚੰਪਾ ਦੇ ਸੈਨਿਕ ਇਸ ਅਚਾਨਕ ਹਮਲੇ ਦੇ ਲਈ ਤਿਆਰ ਨਹੀਂ ਸਨ। ਛੇਤੀ ਹੀ ਚੰਪਾ ਦਾ ਕਿਲਾ ਨਸ਼ਟ ਹੋ ਗਿਆ ਅਤੇ ਸ਼ਤਾਨਿਕ ਦਾ ਬਦਲਾ ਇੱਥੇ ਹੀ ਖਤਮ ਨਹੀਂ ਹੋਇਆ, ਉਸ ਨੇ ਅਪਣੇ ਸੈਨਿਕਾਂ ਨੂੰ ਚੰਪਾ ਨਗਰੀ ਨੂੰ ਲੁੱਟ ਲੈਣ ਦਾ ਹੁਕਮ ਦਿੱਤਾ।

ਕੋਸੰਭੀ ਦੇ ਸੈਨਿਕਾਂ ਨੇ ਚੰਪਾ ਵਿੱਚ ਮਨ ਚਾਹੇ ਢੰਗ ਨਾਲ ਲੁੱਟ ਮਾਰ ਕੀਤੀ। ਕਾਕਮੁਖ ਸਤਾਨਿਕ ਦਾ ਸੈਨਾਪਤੀ ਸੀ। ਉਹ ਦਧਿਵਾਹਨ ਦੀ ਰਾਣੀ ਧਾਰਨੀ ਦੇ ਰੂਪ 'ਤੇ ਮੋਹਿਤ ਹੋ ਗਿਆ,

ਉਹ ਸਿਧਾ ਮਹਿਲ ਵਿੱਚ ਪਹੁੰਚਿਆ। ਉਸ ਨੇ ਧਾਰਨੀ ਅਤੇ ਉਸ ਦੀ ਪੁਤਰੀ ਵਸੂਮਤੀ ਨੂੰ ਰੱਥ ਵਿੱਚ ਬੈਠਾ ਜੰਗਲ ਵਲ ਚਲਾ ਗਿਆ। ਅਪਣੇ ਦੇਸ਼ ਵਾਪਸ ਹੁੰਦੇ ਹੋਏ ਉਸ ਸੈਨਿਕ ਨੇ ਧਾਰਨੀ ਰਾਣੀ ਨੂੰ ਮਾੜੀ ਨਜ਼ਰ ਨਾਲ ਤੱਕਿਆ। ਧਾਰਨੀ ਇਕ ਖੱਤਰੀ ਕੁਲ ਦੀ ਕੰਨਿਆਂ ਸੀ ਅਤੇ ਪਤੀ ਵਰਤਾ ਧਰਮ, ਉਸ ਦੇ ਲਈ ਪ੍ਰਾਣ ਤੋਂ ਜਿਆਦਾ ਮੁੱਲਵਾਨ ਸੀ। ਉਸ ਨੇ ਆਪਣੇ ਪ੍ਰਾਣ ਦੇਕੇ ਅਪਣੇ ਪ੍ਰਣ ਦੀ ਰੱਖਿਆ ਕੀਤੀ। ਆਪਣੀਆਂ ਅੱਖਾਂ ਦੇ ਸਾਹਮਣੇ ਅਪਣੀ ਮਾਤਾ ਦੀ ਮੌਤ ਵੇਖ ਕੇ ਵਸੂਮਤੀ ਕੰਬ ਉਠੀ। ਜਿਸ ਮਹਾਨ ਉਦੇਸ਼ ਲਈ ਉਸ ਦੀ ਮਾਤਾ ਨੇ ਮੌਤ ਨੂੰ ਸਵਿਕਾਰ ਕੀਤਾ ਸੀ, ਉਸ ਮਹਾਨ ਉਦੇਸ਼ ਨੇ ਵਸੂਮਤੀ ਦੀ ਪੀੜਾ ਨੂੰ ਸਹਿਣਯੋਗ ਬਣਾ ਦਿਤਾ ਅਤੇ ਉਸ ਵਿੱਚ ਮੁਸਿਬਤ ਸਹਿਣ ਦੀ ਸ਼ਕਤੀ ਪੈਦਾ ਕਰ ਦਿੱਤੀ।

ਧਾਰਨੀ ਨੂੰ ਧਰਮ ਦੀ ਰੱਖਿਆ ਲਈ ਜਾਨ ਦੀ ਬਾਜੀ ਲਾਉਂਦੇ ਵੇਖ ਕੇ ਕਾਕਮੁਖ ਦੀ ਮਾਨਵਤਾ ਜਾਗ ਪਈ। ਉਸ ਦਾ ਦਿਲ ਪਸਚਾਤਾਪ ਨਾਲ ਭਰ ਗਿਆ। ਉਸ ਨੇ ਵਸੂਮਤੀ ਕੋਲੋ ਅਪਣੀ ਭੁਲ ਦੀ ਖਿਮਾ ਮੰਗੀ ਅਤੇ ਵਸੂਮਤੀ ਨੂੰ ਅਪਣੀ ਪੁੱਤਰੀ ਮੰਨ ਕੇ ਉਹ ਅਪਣੇ ਘਰ ਲੈ ਆਇਆ। ਕਾਕਮੁਖ ਦੀ ਪਤਨੀ ਨੌਜਵਾਨ ਕੁਆਰੀ ਲੜਕੀ ਨੂੰ ਅਪਣੇ ਪਤੀ ਨਾਲ ਵੇਖ ਕੇ ਸ਼ੱਕ ਕਰਨ ਲੱਗੀ। ਉਸ ਨੇ ਵਸੂਮਤੀ ਨੂੰ ਘਰ ਦੀ ਦੇਹਲੀ ਨਾ ਚੜ੍ਹਨ ਦਿੱਤਾ ਅਤੇ ਅਪਣੇ ਪਤੀ ਨੂੰ ਮਜ਼ਬੂਰ ਕੀਤਾ ਕਿ ਇਸ ਲੜਕੀ ਨੂੰ ਵੇਚ ਕੇ ਉਹ ਧਨ ਲੈ ਆਵੇ।

ਅੱਜ ਕੱਲ ਜਿਵੇਂ ਪਸੂਆਂ ਦੀ ਜਿਵੇਂ ਖਰੀਦ ਤੇ ਵਿਕਰੀ ਆਮ ਗੱਲ ਮੰਨੀ ਜਾਂਦੀ ਹੈ ਉਸੇ ਪ੍ਰਕਾਰ ਉਸ ਯੁੱਗ ਵਿੱਚ ਮਨੁੱਖਾਂ ਦੀ ਖਰੀਦ ਵਿਕਰੀ ਆਮ ਗੱਲ ਸੀ। ਵਿਕਰੀ ਦੇ ਲਈ ਲਿਆਉਂਦੇ ਇਸਤਰੀ ਜਾਂ ਪੁਰਸ਼ ਨੂੰ ਗ੍ਰਾਹਕ ਖਰੀਦ ਲੈਂਦਾ ਸੀ। ਖਰੀਦੀਆਂ ਹੋਇਆ ਮਨੁੱਖ ਦਾਸ ਅਖਵਾਉਂਦਾ ਸੀ। ਕਾਕਮੁਖ ਅਪਣੀ ਪਤਨੀ ਦਾ ਵਿਰੋਧ ਨਾ ਕਰ ਸਕਿਆ। ਉਹ ਵਸੂਮਤੀ ਨੂੰ ਲੈ ਕੇ ਬਜਾਰ ਵਿਚ ਆ ਗਿਆ। ਇਕ ਧਾਰਮਿਕ ਮਨੁੱਖ ਸੇਠ ਧਨਾ ਦੀ ਨਜ਼ਰ ਵਸੂਮਤੀ ਤੇ ਪਈ। ਵਸੂਮਤੀ ਨੂੰ ਵੇਖ ਕੇ ਉਹ ਸਮਝ ਗਿਆ ਕਿ ਇਹ ਲੜਕੀ ਕਿਸੇ ਉੱਚੇ ਕੁਲ ਦੀ ਹੈ ਅਤੇ ਉਸ ਦੀ ਰੱਖਿਆ ਕਰਨਾ ਉਸ ਦਾ ਧਰਮ ਹੈ। ਉਸ ਨੇ ਵਸੂਮਤੀ ਨੂੰ ਖਰੀਦ ਲਿਆ। ਪਰ ਉਸ ਨੇ ਵਸੂਮਤੀ ਨੂੰ ਦਾਸੀ ਦਾ ਨਹੀਂ ਸਗੋ ਅਪਣੀ ਪੁੱਤਰੀ ਦਾ ਸਨਮਾਣ ਦਿਤਾ। ਉਸ ਨੇ ਵਸੂਮਤੀ ਨੂੰ ਚੰਦਨਵਾਲਾ ਨਾਂ ਪ੍ਰਦਾਨ ਕੀਤਾ।

ਚੰਦਨਾ ਸੇਠ ਦੇ ਘਰ ਆਈ, ਪਰ ਉਸ ਦੇ ਅਸ਼ੁਭ ਕਰਮ ਅਜੇ ਖਤਮ ਨਹੀਂ ਹੋਏ ਸਨ। ਸੇਠ ਦੀ ਪਤਨੀ ਮੂਲਾ, ਚੰਦਨਵਾਲਾ ਦੀ ਦੁਸ਼ਮਣ ਬਣ ਬੈਠੀ। ਉਸ ਨੂੰ ਸ਼ੱਕ ਸੀ ਕਿ ਸੇਠ ਚੰਦਨਵਾਲਾ ਨੂੰ ਅਪਣੀ ਪਤਨੀ ਬਣਾਏਗਾ। ਉਸ ਨੇ ਚੰਦਨਵਾਲ ਨੂੰ ਸਬਕ ਸਿਖਾਉਣ ਦਾ ਨਿਰਣਾ ਕਰ ਲਿਆ।

ਕਿਸੇ ਸਮੇਂ ਸੇਠ ਧਨਾ 3 ਦਿਨ ਦੇ ਲਈ ਪਿੰਡ ਤੋਂ ਬਾਹਰ ਗਿਆ। ਸੇਠ ਦੀ ਗੈਰਹਾਜ਼ਰੀ ਮੂਲ਼ਾ ਦੇ ਲਈ ਵਰਦਾਨ ਅਤੇ ਚੰਦਨਾ ਦੇ ਲਈ ਸ਼ਰਾਪ ਬਣ ਗਈ। ਉਸ ਨੇ ਚੰਦਨਵਾਲਾ ਨੂੰ ਘੋਰ ਸ਼ਰੀਰਕ ਕਸ਼ਟ ਦਿਤੇ। ਫਿਰ ਉਸ ਨੇ ਨਾਈ ਨੂੰ ਬੁਲਾਕੇ ਚੰਦਨਾ ਦਾ ਸਿਰ ਮੁੰਨਵਾ ਦਿੱਤਾ। ਉਸ ਦੇ ਹੱਥਾਂ ਤੇ ਪੈਰਾ ਵਿੱਚ ਬੇੜੀਆਂ ਪੁਆਕੇ ਉਸ ਨੂੰ ਤਹਿ ਖਾਨੇ ਵਿੱਚ ਧਕੇਲ ਦਿੱਤਾ। ਘਰ ਦੇ ਸਾਰੇ ਦਰਵਜਿਆਂ ਤੇ ਉਹ ਤਾਲੇ ਲਗਾ ਕੇ ਆਪਣੇ ਪੇਕੇ ਚਲੀ ਗਈ। ਚੰਦਨਵਾਲਾ ਲਈ ਇਹ ਕਠੋਰ ਪਲ ਸਨ। ਉਸ ਨੇ ਹੌਂਸਲਾ ਨਾ ਛੱਡਿਆ ਅਪਣੇ ਸ਼ੁਭ ਕਰਮਾ ਨੂੰ ਦੋਸ਼ੀ ਮੰਨ ਕੇ, ਉਹ ਧਰਮ ਧਿਆਨ ਕਰਦੀ ਰਹੀ।

ਤਿੰਨ ਦਿਨਾ ਬਾਅਦ ਸੇਠ ਵਾਪਸ ਆਇਆ। ਘਰ ਦੇ ਹਰ ਦਰਵਾਜੇ ਤੇ ਤਾਲਾ ਵੇਖ ਕੇ ਉਹ ਹੈਰਾਨ ਰਹਿ ਗਿਆ। ਮੁੱਖ ਦਰਵਾਜੇ ਦਾ ਤਾਲਾ ਤੋੜ ਕੇ ਉਹ ਅੰਦਰ ਗਿਆ। ਚੰਦਨਾ ਪ੍ਰਤੀ ਉਸ ਦਾ ਵਿਸ਼ੇਸ ਸਨੇਹ ਸੀ। ਉਸ ਨੇ ਉਸ ਦਾ ਨਾਂ ਲੈ ਕੇ ਪੁਕਾਰਿਆ ਪਰ ਕੋਈ ਜਵਾਬ ਨਾ ਆਇਆ। ਉਹ ਦੁੱਖੀ ਹੋ ਗਿਆ ਤੱਦ ਉਸ ਨੂੰ ਕਿਸੇ ਬੁੱਢੀ ਪੜੋਸਨ ਨੇ ਸਾਰੀ ਕਹਾਣੀ ਦੱਸੀ, ਕਹਾਣੀ ਸੁਣ ਕੇ ਧਨਾ ਸੇਠ ਬੱਚਿਆ ਦੀ ਤਰ੍ਹਾਂ ਰੋਣ ਲੱਗਾ ਅਤੇ ਚੰਦਨਾ ਚੰਦਨਾ ਪੁਕਾਰਦਾ ਧਨਾ ਸੇਠ ਤਹਿ ਖਾਨੇ ਵਿੱਚ ਪਹੁੰਚਿਆ। ਚੰਦਨਾ ਦੀ ਸਥਿਤੀ ਵੇਖ ਕੇ ਉਹ ਕੰਬ ਉਠਿਆ। ਪੁੱਤਰੀ ਨੂੰ ਉਠਾ ਕੇ ਉਹ ਬਾਹਰ ਲੈ ਆਇਆ। ਉਸ ਨੂੰ ਪਤਾ ਚੱਲਾ ਕਿ ਚੰਦਨਾ ਤਿੰਨ ਦਿਨ ਤੋਂ ਭੁੱਖੀ ਪਿਆਸੀ ਹੈ। ਉਸ ਨੇ ਘਰ ਵਿੱਚ ਵੇਖਿਆ ਤਾਂ ਉਸ ਨੂੰ ਕੁੱਝ ਵੀ ਖਾਣ ਯੋਗ ਚੀਜ ਨਹੀਂ ਮਿਲੀ। ਇਕ ਛੱਜ ਵਿੱਚ ਕੁੱਝ ਬਾਸੀ ਮਾਹ ਦੀ ਦਾਲ ਦੀਆਂ ਬੱਕਲੀਆਂ ਪਈਆਂ ਸਨ। ਉਸ ਛੱਜ ਨੂੰ ਚੁੱਕ ਕੇ ਸੇਠ ਨੇ ਚੰਦਨਾ ਨੂੰ ਦਿੰਦੇ ਹੋਏ ਆਖਿਆ, "ਪੁੱਤਰੀ ਤੂੰ ਇਸ ਨੂੰ ਖਾ ਕੇ ਅਪਣੀ ਭੁੱਖ ਨੂੰ ਸ਼ਾਂਤ ਕਰ, ਮੈਂ ਹੁਣੇ ਲੋਹਾਰ ਨੂੰ ਬੁਲਾਕੇ ਤੇਰੀਆਂ ਬੇੜੀਆਂ ਕਟਵਾਉਂਦਾ ਹਾਂ"। ਸੇਠ ਲੋਹਾਰ ਨੂੰ ਬੁਲਾਉਣ ਚਲਾ ਗਿਆ। ਚੰਦਨਵਾਲਾ ਘਰ ਦੀ ਦੇਹਲੀ ਦੇ ਵਿਚਕਾਰ ਬੈਠੀ ਹੈ। ਹੱਥ ਵਿੱਚ ਛੱਜ ਹੈ, ਛੱਜ ਦੇ ਇਕ ਕੋਨੇ ਵਿੱਚ ਬੱਕਲੀਆਂ ਹਨ। ਅੱਖਾਂ ਵਿੱਚ ਹੰਝੂ ਹਨ, ਕਰਮ ਦੇ ਖੇਲ ਦਾ ਚਿੰਤਨ ਉਸ ਦੇ ਮਨ ਵਿੱਚ ਚੱਲ ਰਿਹਾ ਹੈ।

ਮਹਾਵੀਰ ਦੀ ਸਾਧਨਾ ਦੇ 11 ਸਾਲ ਪੂਰੇ ਹੋ ਗਏ ਸਨ ਅਤੇ 12ਵਾਂ ਸਾਲ ਸ਼ੁਰੂ ਹੋ ਗਿਆ ਸੀ। ਧਿਆਨ ਤੇ ਤੱਪ ਰਾਹੀਂ ਉਹ ਅਪਣੇ ਟੀਚੇ ਦੇ ਨੇੜੇ ਪਹੁੰਚ ਰਹੇ ਸਨ। ਆਤਮ ਕਲਿਆਨ ਭਗਵਾਨ ਮਹਾਵੀਰ ਦਾ ਪਹਿਲਾ ਉਦੇਸ਼ ਹੈ। ਭਗਵਾਨ ਮਹਾਵੀਰ ਜਾਣਦੇ ਹਨ ਕਿ ਅਪਣੇ ਆਪ ਨੂੰ ਭਰੇ ਬਿਨ੍ਹਾ, ਦੂਸਰੇ ਨੂੰ ਭਰਿਆ ਨਹੀਂ ਜਾ ਸਕਦਾ। ਆਪ ਬੁੱਧ ਹੋਏ ਬਿਨ੍ਹਾ ਕਿਸੇ ਨੂੰ ਬੋਧੀ (ਗਿਆਨ) ਦਾਨ ਨਹੀਂ ਦਿਤਾ ਜਾ ਸਕਦਾ। ਆਤਮ ਬੋਧ ਭਗਵਾਨ ਮਹਾਵੀਰ ਦਾ ਪਹਿਲਾ ਟੀਚਾ

ਹੈ। ਪਰ ਸੰਸਾਰ ਵਿੱਚ ਘੱਟ ਰਹੇ ਘਟਨਾਕ੍ਰਮ ਦੇ ਪਰਛਾਵੇਂ ਵੀ ਕਦੇ ਕਦੇ ਮਹਾਵੀਰ ਦੀ ਆਤਮਾ ਨਾਲ ਚਮਕ ਉੱਠਦੇ ਹਨ।

ਮਹਾਵੀਰ ਕੋਸੰਭੀ ਜਨਪਦ ਵਿੱਚ ਘੁੰਮ ਰਹੇ ਹਨ। ਉਹਨਾਂ ਸ਼ਤਾਨਿਕ ਦੁਆਰਾ ਅੰਗਦੇਸ਼ ਤੇ ਕੀਤੇ ਹਮਲੇ ਬਾਰੇ ਸੁਣਿਆ, ਨਾਲ ਹੀ ਇਹ ਸੁਣਿਆ ਕਿ ਕਿਵੇਂ ਸ਼ਤਾਨਿਕ ਦੇ ਫੋਜੀਆਂ ਨੇ ਚੰਪਾ ਵਿੱਚ ਲੁਟ ਮਾਰ ਕੀਤੀ ਅਤੇ ਕਿਵੇਂ ਧਾਰਨੀ ਨੇ ਅਪਣੇ ਪ੍ਰਾਣ ਤਿਆਗ ਕੇ ਅਪਣੇ ਸ਼ੀਲ ਦੀ ਰੱਖਿਆ ਕੀਤੀ। ਵਸੂਮਤੀ ਦੇ ਵਿਕਨ ਦਾ ਸਮਾਚਾਰ ਵੀ ਭਗਵਾਨ ਮਹਾਵੀਰ ਦੇ ਕੰਨਾ ਵਿੱਚ ਪਹੁੰਚਿਆ। ਸਭ ਕੁੱਝ ਸੁਣ ਕੇ ਮਹਾਵੀਰ ਮਨੁੱਖ ਦੀਆਂ ਹਿੰਸਕ ਅਤੇ ਵਾਸਨਾਤਮਕ ਬਿਰਤੀਆਂ ਬਾਰੇ ਚਿੰਤਨ ਕਰਨ ਲੱਗੇ। ਉਹਨਾਂ ਸੋਚਿਆ ਕਿ ਰਾਜਿਆਂ ਦੀ ਆਪਸੀ ਰੰਜਿਸ਼ ਕਾਰਨ ਕਿੰਨੇ ਬੇਸਹਾਰਾ ਲੋਕਾਂ ਦਾ ਜੀਵਨ ਕੰਡਿਆਂ ਵਾਲਾ ਬਣ ਜਾਂਦਾ ਹੈ। ਮਹਾਵੀਰ ਦੇ ਚਿੰਤਨ ਪੱਥ ਤੇ ਅੰਗਦੇਸ਼ ਦੀ ਰਾਜਕੁਮਾਰੀ ਦਾ ਚਿੱਤਰ ਉੱਭਰ ਆਇਆ। ਇੱਕ ਰਾਜਕੁਮਾਰੀ ਦੀ ਨਿਲਾਮੀ ਅਤੇ ਉਸ ਦਾ ਗੁਲਾਮੀ ਭਰਪੂਰ ਜੀਵਨ ਕਿੰਨਾ ਦੁੱਖਦਾਈ ਹੈ। ਜਨਤਾ ਦੇ ਮਨ ਨੂੰ ਜਾਗਰਤ ਕਰਨ ਲਈ ਮੈਨੂੰ ਕੁਝ ਅਜਿਹਾ ਕਰਨਾ ਹੋਵੇਗਾ ਜਿਸ ਨਾਲ ਮੇਰੀ ਸਾਧਨਾ ਵਿੱਚ ਕੁੱਝ ਰੁਕਾਵਟ ਨਾ ਆਵੇ ਅਤੇ ਜਨਤਾ ਵਿੱਚ ਵੀ ਮਨੁੱਖੀ ਕਦਰਾ ਕੀਮਤਾਂ ਦੀ ਨਵੇਂ ਸਿਰੇ ਤੋਂ ਸਥਾਪਨਾ ਹੋਵੇ।

ਭਗਵਾਨ ਮਹਾਵੀਰ ਜਿਸ ਸਾਧਨਾ ਦੀ ਭੁਮਿਕਾ ਤੇ ਵਿਚਰ ਰਹੇ ਸਨ। ਉੱਥੇ ਉਨ੍ਹਾਂ ਦੇ ਸੰਕਲਪ ਅਤੇ ਆਚਰਨ ਦਾ ਮੇਲ ਹੋ ਚੁੱਕਾ ਸੀ। ਸੰਕਲਪ ਪੈਦਾ ਹੋਇਆ ਅਤੇ ਪੱਕਾ ਹੋ ਗਿਆ। ਉਹ ਸੰਕਲਪ ਸੀ ਕਿ ਮੈਂ ਅਜਿਹੀ ਰਾਜਕੁਮਾਰੀ ਦੇ ਹੱਥੋਂ ਭੋਜਨ ਗ੍ਰਹਿਣ ਕਰਾਂਗਾ ਜੋ ਬਾਜਾਰ ਵਿੱਚ ਵਿਕੀ ਹੋਵੇ। ਹੱਥ ਕੜੀਆਂ ਬੇੜੀਆਂ ਨਾਲ ਜਕੜੀ ਹੋਵੇ, ਸਿਰ ਮੁੰਨਿਆ ਹੋਵੇ ਤਿੰਨ ਦਿਨਾਂ ਦੀ ਭੁੱਖੀ ਪਿਆਸੀ ਹੋਵੇ। ਜਿਸ ਦੇ ਹੱਥ ਵਿੱਚ ਛੱਜ ਹੋਵੇ ਅਤੇ ਛੱਜ ਦੇ ਇਕ ਕੋਨੇ ਵਿੱਚ ਮਾਹ ਦੀਆਂ ਬੱਕਲੀਆਂ ਹੋਣ। ਅੱਖਾਂ ਵਿੱਚ ਹੰਝੂ ਬਰਸ ਰਹੇ ਹੋਣ, ਨਹੀਂ ਤਾਂ ਮੈਂ ਛੇ ਮਹਿਨੇ ਬਿਨਾ ਭੋਜਨ ਹੀ ਰਹਾਂਗਾ। ਭਗਵਾਨ ਮਹਾਵੀਰ ਦੇ ਚਿੰਤਨ ਦੀ ਸਤਾ ਤੇ ਇਕ ਅਜਿਹੀ ਹੀ ਦਾਸੀ ਦਾ ਚਿੱਤਰ ਉਭਰਿਆ ਸੀ ਅਤੇ ਉਸ ਦੀ ਗੁਲਾਮੀ ਦੇ ਦੈਂਤ ‘ਤੇ ਵਾਰ ਕਰਨ ਲਈ ਅਤੇ ਉਸ ਸਮੇਂ ਦੇ ਸਮਾਜਿਕ ਚਿੰਤਨ ਨੂੰ ਹਲੋਰਾ ਦੇਣ ਲਈ ਉਹਨਾਂ ਅਜਿਹਾ ਸੰਕਲਪ ਕੀਤਾ।

ਭਗਵਾਨ ਮਹਾਵੀਰ ਨੇ ਇਸ ਸੰਕਲਪ ਦੀ ਪੂਰਤੀ ਲਈ ਉਸ ਇਲਾਕੇ ਨੂੰ ਚੁਣਿਆ, ਜਿਥੇ ਚੰਦਨਾ ਵੇਚੀ ਗਈ ਸੀ। ਭਿਖਿਆ ਦੇ ਸਮੇਂ ਮਹਾਵੀਰ ਹਰ ਰੋਜ ਭਿਖਿਆ ਦੇ ਲਈ ਨਿਕਲਦੇ ਪਰ ਸੰਕਲਪ ਦੀ ਪੂਰਤੀ ਨਾ ਹੋਣ ਕਰਕੇ ਵਾਪਸ ਹੋ ਜਾਂਦੇ। ਚਾਰ ਮਹੀਨੇ ਬੀਤ ਗਏ। ਹਰ ਰੋਜ ਬਿਨਾ